ਨਵੰਬਰ/ November 2024
ਸਾਲ/ Year 09
ਅੰਕ/ Edition 08
ਕੁੱਲ ਸਫੇ/ Total Page 20
Anual Subcription: 500/-
Regd Office:
1195, Ajit Nagar Moga
Pin: 142 001 (Punjab) INDIA

Estd. 2000

International

ਦਿਲਚਸਪ ਅਤੇ ਗਿਆਨ ਭਰਪੂਰ ਸਮੱਗਰੀ ਲਈ

# ਮਹਿਕ ਵਤਨ ਦੀ

## 'Mehak Watan Di Live' ● ਲਾਈਵ

ਮੁੱਖ ਸੰਪਾਦਕ: ਭਵਨਦੀਪ ਸਿੰਘ ਪੁਰਬਾ * ਉੱਪ ਮੁੱਖ ਸੰਪਾਦਕ (ਆਨਰੇਰੀ): ਭਾਗਵੰਤੀ ਪੁਰਬਾ

Regd No. PUNPN 04016 * Helpline: 9988-92-9988 E-mail: mehakwattandi@rediffmail.com www.mehakwatandilive.com

facebook
www.facebook/mehakwatandilive

ਮਹਿਕ ਵਤਨ ਦੀ ਲਾਈਵ ਦੀਆਂ ਖ਼ਬਰਾਂ ਅਤੇ ਲੇਖਾਂ ਬਾਰੇ ਆਪਣੇ ਵਿਚਾਰ ਸਾਂਝੇ ਕਰਨ ਲਈ ਸਾਡੇ ਫੇਸਬੁੱਕ ਪੇਜ ਉਤੇ ਵੀ ਲਾਗਇਨ ਕਰ ਸਕਦੇ ਹੋ।

ਦੇਸ਼, ਵਿਦੇਸ਼ ਅਤੇ ਪੰਜਾਬ ਦੀਆਂ ਤਾਜ਼ੀਆਂ ਖ਼ਬਰਾਂ ਆਨਲਾਈਨ ਪੜ੍ਹਨ ਲਈ ਕਲਿੱਕ ਕਰੋ
www.mehakwatandilive.com

### ਅੰਦਰ ਪੜ੍ਹੋ

* ਜ਼ਿੰਦਗੀ ਦਾ ਹਰ ਪਲ ਸਾਨੂੰ ਪ੍ਰਮਾਤਮਾ ਦੀ ਦਾਤ ਸਮਝ ਕੇ ਜਿਉਣਾ ਚਾਹੀਦਾ ਹੈ -ਸੰਤ ਬਾਬਾ ਗੁਰਦੀਪ ਸਿੰਘ ਜੀ ਚੰਦਪੁਰਾਣਾ

* ਮਹਿਕ ਵਤਨ ਦੀ ਫਾਊਂਡੇਸ਼ਨ ਵੱਲੋਂ ਬਾਬਾ ਰੇਸ਼ਮ ਸਿੰਘ ਜੀ ਖੁਖਰਾਣਾ ਨੂੰ ਇੰਗਲੈਂਡ ਦੇ ਟੂਰ ਲਈ ਸ਼ੁੱਭ ਵਿਦਾਇਗੀ

* ਧੰਨ ਧੰਨ ਬਾਬਾ ਸ੍ਰੀ ਚੰਦ ਜੀ ਮਹਾਰਾਜ ਦੇ ਜਨਮ ਦਿਹਾੜੇ ਸਬੰਧੀ ਵੈਦ ਬਾਬਾ ਰਾਮ ਸਿੰਘ ਜੀ ਦੇਖ-ਰੇਖ ਹੇਠ ਹੋਇਆ ਵਿਸ਼ਾਲ ਸਮਾਗਮ

ਭਾਈ ਲਾਲੋ ਜੀ ਦੀ ਕਿਰਤ ਨੂੰ ਯਾਦ ਕਰਦਿਆਂ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਅਵਤਾਰ ਪੁਰਬ ਤੇ ਵਿਸ਼ੇਸ਼ ਕਹਾਣੀ
ਅੱਜਾਰਾ ਦੀ ਗੁਫਤ-ਗੂ
(ਲੇਖਕ: ਗੁਰਮੇਲ ਸਿੰਘ ਬੌਡੇ)

ਖ਼ਬਰਾਂ ਅਤੇ ਰਚਨਾਵਾਂ ਭੇਜਣ ਵਾਸਤੇ ਈ-ਮੇਲ
chief_editor@mehakwatandilive.com
mehakwattandi@rediffmail.com



ਸ਼੍ਰੋਮਣੀ ਭਗਤ ਬਾਬਾ ਨਾਮਦੇਵ ਜੀ

'ਮਹਿਕ ਵਤਨ ਦੀ ਲਾਈਵ' ਬਿਊਰੋ ਵੱਲੋਂ ਦੇਸ਼ ਵਿਦੇਸ਼ਾਂ ਵਿੱਚ ਵਸਦੀ ਸਮੂੰਹ ਸੰਗਤ ਨੂੰ ਸਾਹਿਬ ਸ਼੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਅਤੇ ਸ਼੍ਰੋਮਣੀ ਭਗਤ ਬਾਬਾ ਨਾਮਦੇਵ ਜੀ ਅਵਤਾਰ ਪੁਰਬ ਦੀਆਂ ਲੱਖ-ਲੱਖ ਮੁਬਾਰਕਾਂ!





# ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਅਤੇ ਸ਼੍ਰੋਮਣੀ ਭਗਤ ਬਾਬਾ ਨਾਮਦੇਵ ਜੀ ਦੇ ਅਵਤਾਰ ਪੁਰਬ ਨੂੰ ਸਮਰਪਿਤ ਵਿਸ਼ੇਸ਼ ਸਪਲੀਮੈਂਟ !

ਵੱਲੋਂ: ਭਵਨਦੀਪ ਸਿੰਘ ਪੁਰਬਾ (ਮੁੱਖ ਸੰਪਾਦਕ: 'ਮਹਿਕ ਵਤਨ ਦੀ ਲਾਈਵ' ਬਿਊਰੋ) Help Line: 9988-92-9988







ਸ਼੍ਰੋਮਣੀ ਭਗਤ ਬਾਬਾ ਨਾਮਦੇਵ ਜੀ

## ਆਸ਼ੀਰਵਾਦ

**With Blessing of**



**ਮਾਤਾ ਗੁਜਰੀ ਜੀ**

ਦੇਸ਼ਾਂ ਵਿਦੇਸ਼ਾਂ ਵਿੱਚ ਵਸਦੀ ਸਮੂੰਹ ਸੰਗਤ ਨੂੰ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਅਤੇ ਸ਼੍ਰੋਮਣੀ ਭਗਤ ਨਾਮਦੇਵ ਜੀ ਦੇ ਅਵਤਾਰ ਪੁਰਬ ਦੀਆਂ ਲੱਖ-ਲੱਖ ਮੁਬਾਰਕਾਂ ਹੋਵਣ ਜੀ !

***With Best Wishes From:***





**ਭਵਨਦੀਪ ਸਿੰਘ ਪੁਰਬਾ**
(ਮੁੱਖ ਸੰਪਾਦਕ)

**ਭਾਗਵੰਤੀ ਪੁਰਬਾ**
(ਆਨਰੈਰੀ ਉਪ-ਮੁੱਖ ਸੰਪਾਦਕ)



**ਸੁਖਜੀਤ ਸਿੰਘ ਵਾਲੀਆ**
ਇੰਚਾਰਜ ਪ੍ਰਿੰਟਿੰਗ ਵਿਭਾਗ



**ਗੁਰਸੇਵਕ ਸਿੰਘ ਕੈਨੇਡਾ**
ਸੰਪਾਦਕ ਕੈਨੇਡਾ ਐਡੀਸ਼ਨ



**ਇਕਬਾਲ ਸਿੰਘ ਖੋਸਾ**
ਸਹਿ ਸੰਪਾਦਕ

* ਮਾਸਿਕ ਪੰਜਾਬੀ ਮੈਗਜ਼ੀਨ * ਵੈਬ ਟੀ.ਵੀ ਚੈਨਲ
* ਰੋਜ਼ਾਨਾ ਆਨਲਾਈਨ ਪੰਜਾਬੀ ਅਖ਼ਬਾਰ

International
ਦਿਲਚਸਪ ਅਤੇ ਗਿਆਨ ਭਰਪੂਰ ਸਮੱਗਰੀ ਲਈ
ਮਹਿਕ ਵਤਨ ਦੀ
'Mehak Watan Di Live' ਲਾਈਵ

**Help Line: 9988-92-9988**

**www.mehakwatandilive.com**

## ਸੰਪਾਦਕ ਦੀ ਕਲਮ 'ਚੋਂ ...

ਮੁੱਖ ਸੰਪਾਦਕ - ਭਵਨਦੀਪ ਸਿੰਘ ਪੁਰਬਾ

# ਸਭ ਤੋਂ ਵੱਡੇ ਕ੍ਰਾਂਤੀਕਾਰੀ ਸ੍ਰੀ ਗੁਰੂ ਨਾਨਕ ਦੇਵ ਜੀ !

ਐਤਕੀ ਅਸੀਂ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ 556ਵਾਂ ਅਵਤਾਰ ਪੁਰਬ ਮਨਾ ਰਹੇ ਹਾਂ। ਵੈਸੇ ਸਾਡੇ ਲਈ ਤਾਂ ਹਰ ਦਿਨ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਦਿਨ ਹੈ ਉਨ੍ਹਾਂ ਦੇ ਸਿਧਾਂਤਾਂ ਤੋਂ ਬਿਨਾ ਅਸੀਂ ਕੁੱਝ ਵੀ ਨਹੀਂ ਹਾਂ। ਪਰ ਉਨ੍ਹਾਂ ਦੇ ਅਵਤਾਰ ਦਿਵਸ ਦਾ ਦਿਨ ਇਸ ਕਰਕੇ ਖਾਸ ਹੋ ਜਾਦਾ ਹੈ ਕਿ ਜੋ ਭ੍ਰਿਸ਼ਟਾਚਾਰ ਅਤੇ ਅੱਤਿਆਚਾਰ ਦੀ ਧੁੰਦ ਫੈਲੀ ਹੋਈ ਸੀ ਉਸ ਵਿੱਚ ਇੱਕ ਪ੍ਰਕਾਸ਼ ਹੋਇਆ ਸੀ। ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧ ਜਗ ਚਾਨਣ ਹੋਆ॥

ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਮੁਢਲੇ ਜੀਵਨ ਬਾਰੇ ਸਭ ਸਿੱਖ ਸੰਗਤ ਜਾਣੂ ਹੈ। ਮੁੱਖ ਤੌਰ ਤੇ ਜਾਣੀਏ ਤਾਂ ਸ਼੍ਰੀ ਗੁਰੂ ਨਾਨਕ ਦੇਵ ਜੀ ਦਾ ਜਨਮ ਕੱਤਕ ਦੀ ਪੂਰਨਮਾਸ਼ੀ (15 ਅਪ੍ਰੈਲ 1469) ਨੂੰ ਲਾਹੌਰ ਨੇੜੇ ਰਾਇ ਭੋਇ ਦੀ ਤਲਵੰਡੀ (ਹੁਣ ਨਨਕਾਣਾ ਸਾਹਿਬ, ਪਾਕਿਸਤਾਨ) ਵਿਖੇ ਪਿਤਾ ਕਲਿਆਣ ਚੰਦ ਦਾਸ ਬੇਦੀ ਅਤੇ ਮਾਤਾ ਤ੍ਰਿਪਤਾ ਦੇ ਘਰ ਹਿੰਦੂ ਪਰਿਵਾਰ ਵਿੱਚ ਹੋਇਆ ਸੀ। ਪ੍ਰਲੋਕ ਗਮਨ 22 ਸਤੰਬਰ 1539 (70 ਸਾਲ ਦੀ ਉਮਰ ਵਿੱਚ) ਕਰਤਾਰਪੁਰ (ਲਾਹੌਰ, ਪਾਕਿ-ਸਤਾਨ) ਵਿਖੇ। ਧਰਮ ਪਤਨੀ ਮਾਤਾ ਸੁਲੱਖਣੀ ਜੀ, ਬੱਚੇ ਸ਼੍ਰੀ ਚੰਦ ਜੀ ਤੇ ਲਖਮੀ ਦਾਸ ਜੀ, ਭੈਣ ਬੇਬੇ ਨਾਨਕੀ ਜੀ ਸਨ। ਆਪ ਜੀ ਦੇ ਪੱਕੇ ਸਾਥੀ ਭਾਈ ਬਾਲਾ ਅਤੇ ਭਾਈ ਮਰਦਾਨਾ ਜੀ ਸੀ।

ਸ਼੍ਰੀ ਗੁਰੂ ਨਾਨਕ ਦੇਵ ਜੀ ਦੀਆਂ ਮੁੱਖ ਬਾਣੀਆਂ ਜਪੁਜੀ ਸਾਹਿਬ, ਆਸਾ ਦੀ ਵਾਰ ਤੇ ਸਿੱਧ ਗੋਸ਼ਟ ਹਨ। ਸ਼੍ਰੀ ਗੁਰੂ ਨਾਨਕ ਦੇਵ ਜੀ ਨੂੰ ਅਫ਼ਗਾਨਿਸਤਾਨ ਵਿੱਚ ਪੀਰ ਬਾਲਗਦਾਨ, ਸ਼੍ਰੀ ਲੰਕਾ ਵਿੱਚ ਨਾਨਕਚਰਿਆਯਾ, ਤਿੱਬਤ ਵਿੱਚ ਨਾਨਕ ਲਾਮ, ਸਿੱਕਮ ਅਤੇ ਭੂਟਾਨ ਵਿੱਚ ਗੁਰੂ ਰਿਨਪੋਚ, ਨੇਪਾਲ ਵਿੱਚ ਨਾਨਕ ਰਿਸਿ, ਇਰਾਕ ਵਿੱਚ ਨਾਨਕ ਪੀਰ, ਸਾਊਦੀ ਅਰਬ ਵਿੱਚ ਵਾਲੀ ਹਿੰਦੀ, ਮਿਸਰ ਵਿੱਚ ਨਾਨਕ ਵਾਲੀ, ਰੂਸ ਵਿੱਚ ਨਾਨਕ ਕਦਮਦਾਰ, ਚੀਨ ਵਿੱਚ ਬਾਬਾ ਫੂਸਾ ਦੇ ਨਾਮ ਨਾਲ ਜਾਣਿਆ ਜਾਂਦਾ ਹੈ।

ਜੇਕਰ ਸਿੱਖ ਧਰਮ ਦੇ ਮੋਢੀ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੂੰ ਸਭ ਤੋਂ ਵੱਡੇ ਕ੍ਰਾਂਤੀਕਾਰੀ ਕਿਹਾ ਜਾਵੇ ਤਾਂ ਕੋਈ ਅਤਿ ਕਥਨੀ ਨਹੀਂ ਹੈ। ਬਚਪਨ ਵਿੱਚ ਜਨੇਊ ਪਾਉਣ ਤੋਂ ਇਨਕਾਰ ਕਰਨਾ ਉਨ੍ਹਾਂ ਦਾ ਪਾਖੰਡ ਵਾਦ ਨੂੰ ਤਿਆਗ ਕਰਨ ਦਾ ਪਹਿਲਾ ਸੰਦੇਸ਼ ਸੀ। ਉਨ੍ਹਾਂ ਨੇ ਜੀਵਨ ਭਰ ਅਧਿਆਤਮਿਕਤਾ ਦੇ ਨਾਲ-ਨਾਲ ਤਰਕਸ਼ੀਲਤਾ ਦਾ ਹੋਕਾ ਦਿੱਤਾ ਹੈ। ਉਨ੍ਹਾਂ ਨੇ ਹਰ ਇੱਕ ਗੱਲ ਨੂੰ ਦਲੀਲ ਦੇ ਨਾਲ ਕੀਤਾ ਹੈ ਚਾਹੇ ਗੰਗਾ ਤੇ ਖੜ੍ਹ ਕੇ ਕਰਤਾਰਪੁਰ ਖੇਤਾਂ ਨੂੰ ਪਾਣੀ ਦੇਣ ਦੇ ਗੱਲ ਕਹੀ ਹੋਵੇ ਜਾਂ ਮੱਕਾ ਵਿਖੇ ਪਿੱਠ ਕਰਕੇ ਖੜ੍ਹ ਜਾਣ ਦੀ ਗੱਲ ਹੋਵੇ। ਉਨ੍ਹਾਂ ਨੇ ਹਮੇਸ਼ਾ ਜ਼ੁਲਮ ਦੇ ਖਿਲਾਫ ਆਵਾਜ਼ ਉਠਾਈ ਹੈ ਉਹ ਚਾਹੇ ਬਾਬਰ ਨੂੰ ਜਾਲਮ ਕਹਿਣ ਵਾਲੀ ਗੱਲ ਹੋਵੇ ਇਸ ਬਾਰੇ ਰੱਬ ਨੂੰ ਉਲਾਮਾ ਦਿੱਤਾ

'ਏਤੀ ਮਾਰ ਪਈ ਕਰਲਾਣੇ ਤੈਂ ਕੀ ਦਰਦੁ ਨ ਆਇਆ'

ਜਾਂ ਇਸਤਰੀ ਜਾਤੀ ਤੇ ਹੋ ਰਹੇ ਜ਼ੁਲਮਾਂ ਦੀ ਗੱਲ ਹੋਵੇ ਤਾਂ

ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥

ਰਾਹੀਂ ਆਪਣਾ ਪੱਖ ਰੱਖਿਆ। ਉਨ੍ਹਾਂ ਨੇ ਸਾਰੀ ਉਮਰ ਗਿਆਨ ਹਾਸਿਲ ਕੀਤਾ ਅਤੇ ਸਾਰੀ ਦੁਨੀਆਂ ਨੂੰ ਵੰਡਿਆ। ਇਸੇ ਕਾਰਨ ਚਾਰੇ ਦਿਸ਼ਾਵਾਂ ਦੇ ਵਿੱਚ ਏਸ਼ੀਆ ਭਰ ਵਿੱਚ ਦੂਰ-ਦੂਰ ਤੱਕ ਯਾਤਰਾ ਕੀਤੀ ਅਤੇ ਲੋਕਾਂ ਨੂੰ ਇੱਕ ਓਅੰਕਾਰ (ੴ) 'ਇਕ ਰੱਬ' ਦਾ ਸੰਦੇਸ਼ ਦਿੱਤਾ। ਉਹਨਾਂ ਦੀਆਂ ਯਾਤਰਾਵਾਂ ਨੂੰ ਉਦਾਸੀਆਂ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਇਸੇ ਗਿਆਨ ਕਾਰਨ ਉਹ ਆਉਣ ਵਾਲੇ ਹਜਾਰਾਂ ਸਾਲਾਂ ਬਾਰੇ ਪਹਿਲਾ ਹੀ ਦੱਸ ਗਏ ਸਨ ਜੋ ਵਿਗਿਆਨ ਹੁਣ ਖੋਜ ਰਿਹਾ ਹੈ। ਵਿਗਿਆਨੀਆਂ ਨੇ ਹੁਣ ਖੋਜ ਕੀਤੀ ਹੈ ਕਿ ਇਸ ਧਰਤੀ ਤੋਂ ਇਲਾਵਾ ਵੀ ਹੋਰ ਬਹੁਤ ਸਾਰੀਆਂ ਧਰਤੀਆਂ ਹਨ। ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਹਜਾਰਾਂ ਸਾਲ ਪਹਿਲਾ ਕਹਿ ਦਿੱਤਾ ਸੀ

ਧਰਤੀ ਹੋਰੁ ਪਰੈ ਹੋਰੁ ਹੋਰੁ ॥ ਤਿਸ ਤੇ ਭਾਰੁ ਤਲੈ ਕਵਣੁ ਜੋਰੁ ॥

ਸੋ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਪ੍ਰਕਾਸ਼ ਦਿਵਸ ਤੇ ਪ੍ਰਣ ਕਰੀਏ ਕਿ ਅਸੀਂ ਉਨ੍ਹਾਂ ਦੇ ਸਿਧਾਂਤਾਂ 'ਵੰਡ ਛਕੋ, ਕਿਰਤ ਕਰੋ, ਨਾਮ ਜਪੋ ਵੰਡ ਛਕੋ: ਦੂਜਿਆਂ ਨਾਲ ਸਾਂਝਾ ਕਰਨਾ, ਉਨ੍ਹਾਂ ਦੀ ਸਹਾਇਤਾ ਕਰੋ ਜਿਨ੍ਹਾਂ ਨੂੰ ਜ਼ਰੂਰਤ ਹੈ। ਕਿਰਤ ਕਰੋ: ਬਿਨਾਂ ਕਿਸੇ ਸ਼ੋਸ਼ਣ ਜਾਂ ਧੋਖਾਧੜੀ ਦੇ ਈਮਾਨਦਾਰੀ ਨਾਲ ਜ਼ਿੰਦਗੀ ਵਿੱਚ ਕਮਾਉਣਾ। ਨਾਮ ਜਪੋ: ਮਨੁੱਖ ਦੀਆਂ ਪੰਜ ਕਮਜ਼ੋਰੀਆਂ ਨੂੰ ਕਾਬੂ ਕਰਨ ਲਈ ਪ੍ਰਮਾਤਮਾ ਦੇ ਨਾਮ ਦਾ ਸਿਮਰਨ ਕਰਨਾ' ਨੂੰ ਅਪਣਾਈਏ। ਉਨ੍ਹਾਂ ਦੀਆਂ ਸਖਿਆਵਾਂ ਤੇ ਚੱਲਣ ਦੀ ਕੋਸ਼ਿਸ਼ ਕਰੀਏ ਅਤੇ ਲੋਕਾਂ ਨੂੰ ਉਹਨਾਂ ਦੀਆਂ ਸਿੱਖਿਆਵਾਂ ਦੇ ਨਾਲ ਉਹਨਾਂ ਦੀ ਬਾਣੀ ਦੇ ਨਾਲ ਜੋੜਿਆ ਜਾਵੇ ਤਾਂ ਜੋ ਇੱਕ ਸੁੰਦਰ ਅਤੇ ਸੱਭਿਅਕ ਸਮਾਜ ਦੀ ਸਥਾਪਨਾ ਹੋ ਸਕੇ।

- ਭਵਨਦੀਪ ਸਿੰਘ

International
ਦਿਲਚਸਪ ਅਤੇ ਗਿਆਨ ਭਰਪੂਰ ਸਮੱਗਰੀ ਲਈ
# ਮਹਿਕ ਵਤਨ ਦੀ
'Mehak Watan Di Live' • ਲਾਈਵ

Titel Regd No. PUNPUN 04016 Year 9 Edition 08 Issue Date 10-11-2024

ਮੁੱਖ ਸੰਪਾਦਕ : ਭਵਨਦੀਪ ਸਿੰਘ ਪੁਰਬਾ
ਉੱਪ-ਮੁੱਖ ਸੰਪਾਦਕ (ਆਨਰੇਰੀ) : ਭਾਗਵੰਤੀ ਪੁਰਬਾ
ਇੰਚਾਰਜ ਪ੍ਰੋਟਿੰਗ ਵਿਭਾਗ : ਸੁਖਜੀਤ ਸਿੰਘ ਵਾਲੀਆ
ਸਹਿ ਸੰਪਾਦਕ : ਇਕਬਾਲ ਸਿੰਘ ਖੋਸਾ (ਕੈਨੇਡਾ)
ਵਿਸ਼ੇਸ਼ ਪ੍ਰਤੀਨਿਧ (ਸਰੀ, ਕੈਨੇਡਾ) : ਗੁਰਸੇਵਕ ਸਿੰਘ ਪੁਰਬਾ
ਮੁੱਖ ਸਲਾਹਕਾਰ : ਬਾਬਾ ਜਸਵੀਰ ਸਿੰਘ ਲੋਹਾਰਾ
ਸਾਹਿਤਕ ਸਲਾਹਕਾਰ : ਗੁਰਮੇਲ ਸਿੰਘ ਬੌਡੇ
ਫੋਟੋ ਐਡੀਟਰ : (ਵਲੰਟੀਅਰ): ਏਕਮਜੋਤ ਸਿੰਘ ਪੁਰਬਾ
ਵੀਡੀਓ ਐਡੀਟਰ : (ਵਲੰਟੀਅਰ) ਉਮੰਗਦੀਪ ਕੌਰ ਪੁਰਬਾ
ਪ੍ਰੈਸ ਫੋਟੋ ਗ੍ਰਾਫਰ : ਮਨਮੋਹਨ ਸਿੰਘ ਚੀਮਾ




GURU NANAK LIBRARY



ऑनलाईन फार्म | एडमिशन फार्म | रिजल्ट
पासपोर्ट | पैन कार्ड | लैमिनेशन
यहां पर सभी प्रकार के Competition से Related Books
मार्किट से सस्ते रेटों पर मिलती है।
यहां पर IGNOU, के सभी प्रकार
के फार्म भरने की सुविधा है।
onlinesolution811@gmail.com

ਵਿਸ਼ੇਸ਼ ਨੋਟ : 1. 'ਮਹਿਕ ਵਤਨ ਦੀ ਲਾਈਵ' ਪੇਪਰ ਵਿੱਚ ਛਪਣ ਵਾਲੀਆਂ ਸਾਰੀਆਂ ਰਚਨਾਵਾਂ ਵਿੱਚ ਨਾਮ ਅਤੇ ਸਥਾਨ ਫਰਜ਼ੀ ਹੁੰਦੇ ਹਨ। ਜੇਕਰ ਕਿਸੇ ਜਿਉਂਦੇ ਜਾਂ ਮਰ ਚੁੱਕੇ ਵਿਅਕਤੀ ਨਾਲ ਮਿਲ ਜਾਣ ਤਾਂ ਇਹ ਇੱਕ ਸੰਯੋਗ ਹੀ ਸਮਝਣਾ ਚਾਹੀਦਾ ਹੈ ਅਦਾਰਾ ਇਸ ਦਾ ਕਿਸੇ ਪੱਖੋਂ ਵੀ ਜ਼ਿੰਮੇਵਾਰ ਨਹੀਂ ਹੋਵੇਗਾ। 2. 'ਮਹਿਕ ਵਤਨ ਦੀ ਲਾਈਵ' ਸਿਰਫ ਪੰਜਾਬੀ ਪੇਪਰ ਹੈ ਜਿਸ ਦਾ ਕਿਸੇ ਵੀ ਸਿਆਸੀ ਪਾਰਟੀ ਨਾਲ ਕੋਈ ਸਬੰਧ ਨਹੀਂ ਹੈ। 3. ਵਿਦੇਸ਼ਾਂ ਵਿੱਚ ਪੇਪਰ ਮੰਗਵਾਉਣ ਲਈ ਆਪਣਾ ਪਤਾ ਅੰਗੇਰਜ਼ੀ ਦੇ ਵੱਡੇ ਅੱਖਰਾਂ ਵਿੱਚ ਲਿਖ ਕੇ ਭੇਜਿਆ ਜਾਵੇ। 4. ਹਰ ਪ੍ਰਕਾਰ ਦਾ ਚੰਦਾ 'ਮਹਿਕ ਵਤਨ ਦੀ' ਦੇ ਨਾਮ ਤੇ ਭੇਜਿਆ ਜਾਵੇ ਜੋ ਮੋਗਾ ਪੰਜਾਬ ਵਿਚ ਭੁਗਤਾਉਣ ਯੋਗ ਹੋਵੇ। 5. ਇਸ਼ਤਿਹਾਰ ਦੇ ਮੈਟਰ ਬਾਰੇ ਅਦਾਰਾ ਜ਼ਿੰਮੇਵਾਰ ਨਹੀਂ ਹੋਵੇਗਾ। 6. 'ਮਹਿਕ ਵਤਨ ਦੀ' ਨਾਲ ਸਬੰਧਤ ਹਰ ਕਿਸਮ ਦੇ ਕਾਨੂੰਨੀ ਝਗੜੇ ਦਾ ਨਿਪਟਾਰਾ ਸਿਰਫ ਜ਼ਿਲ੍ਹਾ ਅਦਾਲਤ ਮੋਗਾ ਵਿੱਚ ਹੀ ਕੀਤਾ ਜਾਵੇਗਾ। 7. ਜੇਕਰ ਕਿਸੇ ਨੂੰ 'ਮਹਿਕ ਵਤਨ ਦੀ ਲਾਈਵ' ਪੇਪਰ ਦੇ ਸਬੰਧਤ ਮੈਟਰ ਤੇ ਕਿਸੇ ਪ੍ਰਕਾਰ ਦਾ ਇਤਰਾਜ਼ ਹੋਵੇ ਤਾਂ ਉਹ ਪੇਪਰ ਛਪਣ ਤੋਂ 15 ਦਿਨਾਂ ਦੇ ਅੰਦਰ -ਅੰਦਰ ਆਪਣੇ ਇਤਰਾਜ਼ ਪ੍ਰਗਟ ਕਰ ਸਕਦਾ ਹੈ ਇਸ ਤੋਂ ਬਾਅਦ ਅਦਾਰਾ ਜ਼ਿੰਮੇਵਾਰ ਨਹੀਂ ਹੋਵੇਗਾ। 8. ਸੰਪਾਦਕ ਦਾ ਲੇਖਕ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

ਲੇਖਕਾਂ ਪ੍ਰਤੀ 1. 'ਮਹਿਕ ਵਤਨ ਦੀ ਲਾਈਵ' ਲਈ ਰਚਨਾਵਾਂ ਭੇਜਣ ਸਮੇਂ ਲੇਖਕਾਂ ਲਈ ਜ਼ਰੂਰੀ ਹੈ ਕਿ ਆਪਣੀ ਰਚਨਾ ਤਸਦੀਕ ਕਰਕੇ ਭੇਜਣ ਕਿ ਇਹ ਰਚਨਾ ਉਹਨਾਂ ਦੀ ਮੌਲਿਕ ਰਚਨਾ ਹੈ। 2. ਰਚਨਾਵਾਂ ਭੇਜਦੇ ਸਮੇਂ ਉਸ ਦੀ ਕਾਪੀ ਆਪਣੇ ਕੋਲ ਜ਼ਰੂਰ ਰੱਖ ਲਵੋ, ਰਚਨਾ ਵਾਪਸ ਨਹੀਂ ਭੇਜੀ ਜਾਵੇਗੀ, ਨਾ ਛਪਣਯੋਗ ਰਚਨਾ ਉਸ ਸੂਰਤ ਵਿੱਚ ਵਾਪਸ ਭੇਜੀ ਜਾਵੇਗੀ ਅਗਰ ਟਿਕਟ ਲੱਗਾ ਅਡਰੈਸ ਕੀਤਾ ਲਿਫ਼ਾਫਾ ਨਾਲ ਹੋਵੇਗਾ। 3. ਰਚਨਾਵਾਂ ਪੇਜ਼ ਦੇ ਇਕ ਪਾਸੇ ਸਾਫ ਸਾਫ ਕਰਕੇ ਲਿਖੀਆਂ ਜਾਣ ਜਾਂ ਟਾਈਪ ਕਰਕੇ ਭੇਜੀਆਂ ਜਾਣ ਜਾਂ ਈਮੇਲ ਅਡਰੈਸ 'ਤੇ ਭੇਜੀਆਂ ਜਾਣ। 4. ਕਿਸੇ ਵੀ ਲੇਖਕ ਨੂੰ ਉਸ ਦੀਆਂ ਰਚਨਾਵਾਂ ਦੀ ਕੋਈ ਕੀਮਤ ਨਹੀਂ ਦਿੱਤੀ ਜਾਂਦੀ ਹੈ।

ਟਾਈਟਲ ਡਿਜ਼ਾਇਨਿੰਗ : WP&S
ਮੈਗਜ਼ੀਨ, ਕਿਤਾਬਾਂ, ਪੋਸਟਰ, ਕੈਲੰਡਰ, ਸਕੂਲਾਂ ਨਾਲ ਸੰਬੰਧਤ ਹਰ ਤਰ੍ਹਾਂ ਦਾ ਕੰਮ ਕਰਵਾਉਣ ਲਈ ਸੰਪਰਕ ਕਰੋ।
ਮੋ. 98153-78692

ਵਿਸ਼ੇਸ ਨੋਟ
'ਮਹਿਕ ਵਤਨ ਦੀ ਲਾਈਵ' ਪੇਪਰ ਸਬੰਧੀ ਹਰ ਪ੍ਰਕਾਰ ਦੀ ਜਾਣਕਾਰੀ ਲਈ
Help Line: (+91) 9988-92-9988 ਤੇ
ਸਿਰਫ ਸਵੇਰੇ 10 ਵਜੇ ਤੋ ਸ਼ਾਮ 5 ਵਜੇ ਤੱਕ
ਹੀ ਸੰਪਰਕ ਕੀਤਾ ਜਾਵੇ।




# ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਦੁ ਜਗਿ ਚਾਨਣ ਹੋਆ।

ਇਤਿਹਾਸ ਗਵਾਹ ਹੈ ਕਿ ਦਸਵੀਂ ਸਦੀ ਤੋਂ ਸੋਲ੍ਹਵੀਂ ਸਦੀ ਤਕ ਤੇ ਪਿੱਛੋਂ ਵੀ ਭਾਰਤ ਅੰਦਰ ਇਸਲਾਮੀ ਰਾਜ ਦੀ ਧਾਰਮਿਕ ਕੱਟੜਤਾ ਹਿੰਦੂਆਂ ਦੇ ਵਿਅਕਤੀਗਤ ਅਤੇ ਸਮੂਹਿਕ ਜੀਵਨ ਨੂੰ ਪ੍ਰਭਾਵਤ ਕਰਦੀ ਰਹੀ। ਹਿੰਦੂਆਂ ਨੂੰ ਲਾਲਚ ਜਾਂ ਤਲਵਾਰ ਦੇ ਜ਼ੋਰ ਨਾਲ ਮੁਸਲਮਾਨ ਬਣਾਇਆ ਜਾਂਦਾ ਸੀ। ਮੁਸਲਮਾਨ ਹੋਣ ਤੋਂ ਆਕੀ ਹੋਣ ਵਾਲਿਆਂ ਨੂੰ ਕਤਲ ਕਰ ਕੇ ਉਨ੍ਹਾਂ ਦੇ ਲਹੂ ਨਾਲ ਦੇਵੀ-ਦੇਵਤਿਆਂ ਦੇ ਬੁੱਤਾਂ ਨੂੰ ਨਵ੍ਹਾਇਆ ਜਾਂਦਾ। ਮੰਦਰ ਢਾਹ ਕੇ ਉਨ੍ਹਾਂ ਦੀ ਥਾਂ 'ਤੇ ਮਸੀਤਾਂ ਉਸਾਰਨੀਆਂ ਆਮ ਵਰਤਾਰਾ ਸੀ। ਇਸ ਤੋਂ ਇਲਾਵਾ ਜਾਤ-ਵੰਡ ਹਿੰਦੂ-ਸਮਾਜ ਦੀ ਏਕਤਾ 'ਤੇ ਕਰਾਰੀ ਸੱਟ ਸਿੱਧ ਹੋ ਰਹੀ ਸੀ।

**ਕੱਤਕ ਮਾਹ ਨੂੰ ਨਾਨਕ ! ਨਾਨਕ, ਗੂੰਜਿਆ ਚਾਰ ਚੁਫੇਰੀਂ।**
**ਸਗਲੀ ਜੰਤ ਫਿਰੀ ਹਰਿਆਵਲ, ਗਾ ਪ੍ਰਭਾਤ ਦੀ ਫੇਰੀ।**
**ਵੰਨ-ਸੁਵੰਨੀ ਸੰਗਤ ਰਲ ਕੇ, ਚਰਨ ਗਰਾਂ ਵਿਚ ਪਾਏ।**
**ਨਾਨਕ ! ਨਾਨਕ ਜੱਖੁ ਕਹਿੰਦਾ, ਸਾਡੇ ਵਿਹੜੇ ਆਏ।**

ਅਜਿਹੇ ਵਾਤਾਵਰਨ ਵਿਚ ਸਤਿਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ 15 ਅਪ੍ਰੈਲ 1469 ਈ. ਨੂੰ ਰਾਏ ਭੋਏ ਦੀ ਤਲਵੰਡੀ ਨਾਂ ਦੇ ਨਗਰ, ਜ਼ਿਲ੍ਹਾ ਸ਼ੇਖੂਪੁਰਾ (ਹੁਣ ਪਾਕਿਸਤਾਨ) ਵਿਖੇ ਪਿਤਾ ਮਹਿਤਾ ਕਾਲੂ ਰਾਮ ਤੇ ਮਾਤਾ ਤ੍ਰਿਪਤਾ ਦੇ ਗ੍ਰਹਿ ਵਿਖੇ ਹੋਇਆ। ਅਲੌਕਿਕ ਤੀਖਣ ਬੁੱਧੀ ਸਦਕਾ ਆਪ ਨੇ ਬਚਪਨ ਵਿਚ ਹੀ ਹਿੰਦੀ, ਫਾਰਸੀ ਤੇ ਸੰਸਕ੍ਰਿਤ ਦਾ ਡੂੰਘਾ ਗਿਆਨ ਹਾਸਲ ਕਰ ਲਿਆ ਸੀ। ਇਹ ਆਪ ਦੀ ਤਰਕ-ਭਰਪੂਰ ਬਾਣੀ ਤੇ ਉਪਦੇਸ਼ਾਂ ਤੋਂ ਸਵੈਸਿਧ ਹੈ ਅਤੇ ਇਨ੍ਹਾਂ ਦੀ ਬਰਕਤ ਦਾ ਹੀ ਫਲ ਹੈ ਕਿ ਉਸ ਸਮੇਂ ਦੇ ਮਾਹੌਲਦਾ ਟਾਕਰਾ ਕਰਨ ਲਈ ਜਾਗਰਤੀ ਅਰੰਭ ਹੋ ਗਈ :

**ਸਤਿਗੁਰੂ ਨਾਨਕ ਪ੍ਰਗਟਿਆ ਮਿਟੀ ਧੁੰਦੁ ਜਗਿ ਚਾਨਣੁ ਹੋਆ।**
(ਵਾਰ 1: 27)

ਛੋਟੀ ਉਮਰੇ ਹੀ ਆਪ ਨੇ ਨਿਡਰ ਹੋ ਕੇ ਮਹਾਨ ਕ੍ਰਾਂਤੀਕਾਰੀ ਕਦਮ ਉਦੋਂ ਚੁਕਿਆ ਜਦੋਂ ਰਵਾਇਤੀ ਜਨੇਊ ਪਹਿਨਣ ਤਾਂ ਸਾਫ ਇਨਕਾਰ ਕਰ ਦਿੱਤਾ। ਵਹਿਮਾਂ-ਭਰਮਾਂ ਉਤੇ ਉਸਰੇ ਕਰਮ-ਕਾਂਡ ਦੀ ਨਿਰਾਰਥਕਤਾ ਪੰਡਤ ਹਰਦਿਆਲ ਸਾਹਮਣੇ ਤਰਕਸ਼ੀਲ ਢੰਗ ਨਾਲ ਪੇਸ਼ ਕੀਤੀ। ਗੁਰਬਾਣੀ ਵਿਚ ਵੀ ਆਪ ਨੇ ਫੁਰਮਾਇਆ ਹੈ :

**ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ॥**
**ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ॥**
**ਨਾ ਏਹੁ ਤੁਟੈ ਨ ਮਲੁ ਲਗੈ ਨਾ ਏਹੁ ਜਲੈ ਨਾ ਜਾਇ॥**
**ਧੰਨੁ ਸੁ ਮਾਣਸ ਨਾਨਕਾ ਜੋ ਗਲਿ ਚਲੇ ਪਾਇ॥**
(ਪੰਨਾ-471)

ਸੁਲਤਾਨਪੁਰ ਲੋਧੀ ਵਿਖੇ ਆਪ ਜੀ ਨੂੰ ਸਰਕਾਰੀ ਮੋਦੀਖਾਨੇ ਵਿਚ ਮੋਦੀ ਦੇ ਤੌਰ 'ਤੇ ਨੌਕਰੀ ਮਿਲ ਗਈ। ਉਥੇ ਰਿਸ਼ਵਤਖੋਰਾਂ ਦੀ ਦਾਲ ਨਾ ਗਲਣ ਦਿੱਤੀ ਤੇ ਲੋੜਵੰਦਾਂ ਦੀਆਂ ਲੋੜਾਂ ਉਚਿਤ ਢੰਗਾਂ ਨਾਲ ਪੂਰੀਆਂ ਕੀਤੀਆਂ। ਫਿਰ ਆਪਣੇ ਬਣਾਏ ਪ੍ਰੋਗਰਾਮ ਅਨੁਸਾਰ ਨੌਕਰੀ ਛੱਡ ਦਿੱਤੀ। ਸਰਕਾਰ ਵੱਲ ਵਧਦਾ ਸਾਰਾ ਬਕਾਇਆ ਆਪ ਨੇ ਲੋੜਵੰਦਾਂ ਵਿਚਕਾਰ ਵੰਡ ਦਿੱਤਾ।

ਵੇਈਂ ਨਦੀ (ਸੁਲਤਾਨਪੁਰ ਲੋਧੀ ਦੇ ਨਾਲ ਵਗਦੀ) 'ਤੇ ਇਸ਼ਨਾਨ ਕਰਨ ਗਏ ਅਤੇ ਅਗਿਆਤ-ਵਾਸ ਹੋ ਗਏ। ਆਪ ਨੇ ਆਪਣੀ ਆਤਮਾ ਦੀ ਆਵਾਜ਼ ਅਰਥਾਤ ਪ੍ਰਭੂ ਦੇ ਹੁਕਮ 'ਤੇ ਅਮਲ ਕਰਨ ਲਈ ਆਪਣੇ ਤਨ-ਮਨ ਨੂੰ ਤਿਆਰ ਕਰਨਾ ਸੀ, ਕਿਉਂਕਿ ਇਕ ਪਾਸੇ ਮਾਤਾ-ਪਿਤਾ, ਸੁਪਤਨੀ, ਪੁੱਤਰਾਂ ਤੇ ਹੋਰ ਨਿਕਟਵਰਤੀਆਂ ਦਾ ਪਿਆਰ ਤੇ ਦੂਜੇ ਪਾਸੇ ਲੰਮੇ ਤੇ ਕਠਨ ਪੰਧਾਂ ਦਾ ਖਿਆਲ ਸੀ। ਲੋਹੇ ਤੇ ਪੱਥਰ ਨਾਲੋਂ ਕਰੜਾ ਮਨ ਬਣਾ, ਭਾਈ ਮਰਦਾਨੇ ਨੂੰ ਨਾਲ ਲੈ ਕੇ ਘਰ ਦੇ ਜੀਆਂ ਤੇ ਸਨੇਹੀਆਂ ਦੇ ਉਦਾਸ ਚਿਹਰਿਆਂ ਨੂੰ ਧਰਵਾਸ ਦੇ, ਲੰਬੇ ਸਫਰਾਂ 'ਤੇ ਅਨਿਸ਼ਚਿਤ ਸਮੇਂ ਲਈ ਚੱਲ ਪਏ। ਸਾਧਾਰਨ ਗ੍ਰਹਿਸਤੀ ਲਈ ਇਹ ਔਕੜਾਂ-ਭਰਪੂਰ ਕੰਮ ਛੋਹਣਾ ਮੌਤ ਸਹੇੜਨ ਤੁਲ ਸੀ, ਕਿਉਂਕਿ ਉਸ ਸਮੇਂ ਸਫਰ-ਸਾਧਨ ਸਰੀਰਕ ਅਤੇ ਸੁਸਤ ਤੇ ਰਾਹ ਖਤਰਨਾਕ ਜੰਗਲੀ ਜਾਨਵਰਾਂ ਨਾਲ ਭਰਪੂਰ ਸਨ। ਪਰ ਆਪ ਨੇ 'ੴ' ਦਾ ਪਰਚਾਰ ਕਰਨਾ ਸੀ। ਉੱਚਾ ਆਚਰਮ, ਤਰਕਸ਼ੀਲਤਾ, ਹਾਜ਼ਰਜਵਾਬੀ, ਸਹਿਣਸ਼ੀਲਤਾ, ਸਮਾਨਤਾ ਭਰਿਆ ਵਿਹਾਰ ਤੇ ਸਲੂਕ, ਸਾਹਿਤਕ ਲਗਨ ਆਦਿ ਆਪ ਦੇ ਕਾਰਗਰ ਪਰਚਾਰ ਦੇ ਸਫਲ ਸਾਧਨ ਸਨ। ਆਪ ਦੀ ਜੀਵਨ-ਤੋਰ ਕਥਨੀ ਅਤੇ ਕਰਨੀ ਦੀ ਸਮਾਨਤਾ 'ਤੇ ਨਿਰਭਰ ਸੀ।

ਜਹਾਜ਼ ਰਾਹੀਂ ਸਮੁੰਦਰੀ ਸਫਰ ਤੋਂ ਇਲਾਵਾ ਲਗਭਗ 10,000 (ਦਸ ਹਜ਼ਾਰ) ਮੀਲ ਸਫਰ ਪੈਦਲ ਕਰਕੇ ਗੁਰਦੇਵ ਨੇ ਮੌਜੂਦਾ ਭਾਰਤ, ਪਾਕਿਸਤਾਨ, ਬੰਗਲਾ ਦੇਸ਼, ਸ੍ਰੀਲੰਕਾ, ਅਰਬ, ਫਾਰਸ (ਮੌਜੂਦਾ



ਈਰਾਨ), ਅਫਗਾਨਿਸਤਾਨ ਦੇ ਹਿੰਦੂਆਂ, ਮੁਸਲਮਾਨਾਂ ਆਦਿ ਦੇ ਧਾਰਮਿਕ ਤੀਰਥਾਂ ਤੇ ਵੱਡੇ ਸ਼ਹਿਰਾਂ ਵਿਚ ਨਿਡਰ ਹੋ ਤਰਕਸ਼ੀਲਤਾ ਸਹਿਤ ਸਫਲ ਪ੍ਰਚਾਰ ਕੀਤਾ। ਵੱਧ ਤੋਂ ਵੱਧ ਲੋਕਾਂ ਨੂੰ ਚਿਰਕਾਲ ਤੱਕ ਪ੍ਰਭਾਵਤ ਕਰਨ ਲਈ ਗੁਰੂ ਜੀ ਪ੍ਰਚਾਰ ਲਈ ਮਿੱਥੇ ਅਸਥਾਨਾਂ 'ਤੇ ਅਜਿਹੇ ਅਵਸਰਾਂ 'ਤੇ ਪੁੱਜਦੇ ਜਦ ਲੋਕ ਕਿਸੇ ਮੇਲੇ ਜਾਂ ਤਿਉਹਾਰ ਕਰਕੇ ਵੱਧ ਤੋਂ ਵੱਧ ਇਕੱਠੇ ਹੋਣ ਅਤੇ ਆਪ ਗੋਸ਼ਟ ਕਰਨ ਸਮੇਂ ਸਥਾਨਕ ਭੇਸ ਤੇ ਭਾਸ਼ਾ ਵਰਤਦੇ।

ਰੱਬੀ ਬਾਣੀ ਦਾ ਅਲਾਪ ਤੇ ਭਾਈ ਮਰਦਾਨੇ ਦੀ ਵਜਦੀ ਰਬਾਬ ਦੀ ਟੁਣਕਾਰ ਪਰਚਾਰ ਵਿਚ ਹੋਰ ਰੰਗ ਭਰਦੇ। ਮੰਨਣਾ ਪਵੇਗਾ ਕਿ ਪ੍ਰਚਾਰ ਖਾਤਰ ਜੰਗਲਾਂ ਤੇ ਪਹਾੜਾਂ ਵਿਚ ਦੀ ਹਜ਼ਾਰਾਂ ਮੀਲਾਂ ਦਾ ਔਕੜਾਂ-ਭਰਪੂਰ ਸਫਰ ਤੇ ਫੇਰ ਬਹੁਤਾ ਕਰਕੇ ਪੈਦਲ ਬੇਹੱਦ ਔਖਾ ਕੰਮ ਸੀ। ਇਹ ਸਫਰ ਸੰਸਾਰ ਵਿਚ ਸਭ ਯੁਗਾਂ ਵਿਚ ਆਪਣੀ ਮਿਸਾਲ ਆਪ ਹੈ।

ਆਪ ਦੇ ਉਪਦੇਸ਼-ਸਫਰਾਂ ਦਾ ਆਰੰਭ ਭਾਈ ਲਾਲੋ ਤਰਖਾਣ ਦੇ ਘਰ ਤੋਂ ਹੋਇਆ, ਜਿਥੇ ਆਪ ਨੇ ਪਹਿਲੀ ਸੰਗਤ (ਪਰਚਾਰ ਕੇਂਦਰ) ਕਾਇਮ ਕੀਤੀ।

ਬਦਨਾਮ ਸੱਜਣ, ਰਾਹੀਆਂ ਨੂੰ ਮਸੀਤ ਜਾਂ ਮੰਦਰ ਵਿਚ ਸੇਵਾ-ਸੰਭਾਲ ਦਾ ਪੱਜ ਪਾ ਕੇ ਟਿਕਾਉਂਦਾ, ਪਰ ਰਾਤ ਨੂੰ ਉਨ੍ਹਾਂ ਨਾਲ ਠੱਗੀ ਕਰਦਾ ਤੇ ਕਈਆਂ ਨੂੰ ਕਤਲ ਵੀ ਕਰ ਦੇਂਦਾ। ਗੁਰੂ ਜੀ ਦੇ ਉਪਦੇਸ਼ ਨੇ ਸੱਜਣ ਠੱਗ ਨੂੰ ਸ਼ੇਖ ਸੱਜਣ ਬਣਾ ਦਿੱਤਾ। ਲੁੱਟਿਆ ਤੇ ਵਾਧੂ ਆਪਣਾ ਸਭ ਕੁਝ ਲੋੜਵੰਦਾਂ ਵਿਚ ਵੰਡ, ਭਲਾ ਪੁਰਸ਼ ਬਣ ਗਿਆ। ਹਰੇਕ ਦੀ ਠੀਕ ਸੇਵਾ-ਸੰਭਾਲ ਕਰਨ ਲੱਗ ਪਿਆ।

ਗੁਰੂ ਜੀ ਨੇ ਕੁਰਾਨ ਸ਼ਰੀਫ ਦੇ ਮੁਦੱਈਆ ਨੂੰ ਮੱਕੇ ਜਾ ਕੇ ਚੇਤਾ ਕਰਾਇਆ ਕਿ ਰੱਬ ਹਰ ਥਾਂ ਹਰ ਛਿਨ ਮੌਜੂਦ ਹੈ, ਜਦੋਂ ਰਾਤ ਨੂੰ ਆਪ ਸੁੱਤੇ ਸਿਧ ਕਾਅਬੇ (ਖੁਦਾ ਦੇ ਘਰ) ਵੱਲ ਆਪਣੇ ਮੁਬਾਰਕ ਕਦਮ ਕਰ ਕੇ ਸੁੱਤੇ ਹੋਏ ਸਨ ਤਾਂ ਉਹਨਾਂ ਕ੍ਰੋਧ ਵੱਸ ਹੋ ਕੇ ਆਪ ਨੂੰ ਕਿਹਾ ਕਿ 'ਖੁਦਾ ਦੇ ਘਰ ਵੱਲ ਪੈਰ ਕਰ ਕੇ ਕਿਉਂ ਸੁੱਤਾ ਏਂ?' ਨਿਰਮਤਾ ਤੇ ਠਰ੍ਹਮੇ ਨਾਲ ਆਪ ਨੇ ਫੁਰਮਾਇਆ ਕਿ 'ਜਿਧਰ ਰੱਬ ਨਹੀਂ ਓਧਰ ਪੈਰ ਕਰ ਦਿਓ।' ਸਭ ਦੇ ਕਪਾਟ ਖੁੱਲ੍ਹ ਗਏ।

ਪਿੱਤਰਾਂ ਨੂੰ ਲੱਖਾਂ ਕੋਹਾਂ 'ਤੇ ਪਾਣੀ ਪਹੁੰਚਾਉਂਦਿਆਂ ਅਗਿਆਨੀ ਲੋਕਾਂ ਨੂੰ ਹਰਦੁਆਰ ਵਿਖੇ ਸ਼ਰਮਸਾਰ ਕਰ ਦਿੱਤਾ ਜਦੋਂ ਹਜ਼ੂਰ ਨੇ ਪੰਜਾਬ (ਪੱਛਮ) ਵੱਲ ਪਾਣੀ ਸੁਟਦਿਆਂ ਦੱਸਿਆ ਕਿ ਉਹ ਆਪਣੀ ਭੋਂ ਨੂੰ ਪਾਣੀ ਦੇ ਰਹੇ ਹਨ ਜੋ ਕੇਵਲ 250 ਕੋਹ ਦੇ ਫਾਸਲੇ 'ਤੇ ਹੈ ਤੇ ਹੈ, ਵੀ ਇਸੇ ਧਰਤੀ ਉੱਤੇ (ਕਰਮ-ਕਾਂਡੀਆਂ ਨੇ ਨਾ ਮੰਨਿਆ। ਆਪ ਨੇ ਪੁੱਛਿਆ "ਜੇ 250 ਕੋਹ 'ਤੇ ਪਾਣੀ ਪਹੁੰਚਣਾ ਅਸੰਭਵ ਹੈ ਤਾਂ ਲੱਖਾਂ ਕੋਹਾਂ 'ਤੇ ਤੁਹਾਡਾ ਪਾਣੀ ਕਿਵੇਂ ਪੁੱਜ ਸਕਦਾ ਹੈਂ?"

ਮਨੋਵਿਗਿਆਨ ਵੀ ਤਾਂ ਇਸ ਸਚਾਈ ਦੀ ਪ੍ਰੋੜ੍ਹਤਾ ਕਰਦਾ ਹੈ। ਇਨ੍ਹਾਂ ਸਾਰੇ ਗੁਣਾਂ ਦੀ ਧਾਰਨਾ ਚੜ੍ਹਦੀ ਕਲਾ ਦਾ ਰੂਪ ਧਾਰ ਕੇ ਹਰ ਜੀਵਨ-ਘੋਲ ਵਿਚ ਸਫਲਤਾ ਬਖਸ਼ਦੀ ਹੈ ਤੇ ਅਸਫਲ ਹੋਣ 'ਤੇ ਵੀ ਉਸ ਦੀ ਰਜ਼ਾ ਵਿਚ ਰਾਜ਼ੀ ਰਹਿਣ ਦੀ ਤਾਕਤ ਬਖਸ਼ਦੀ ਹੈ :

**ਤੇਰਾ ਕੀਆ ਮੀਠਾ ਲਾਗੈ॥**
**ਹਰਿ ਨਾਮੁ ਪਦਾਰਥੁ ਨਾਨਕੁ ਮਾਂਗੈ॥**(ਪੰਨਾ-394)

ਗੁਰੂ ਨਾਨਕ ਦੇਵ ਜੀ ਪ੍ਰਥਮ ਸਤਿਪੁਰਸ਼ ਹੋਏ ਹਨ, ਜਿਨ੍ਹਾਂ ਨੇ ਅਮਲੀ ਰੂਪ ਵਿਚ ਸਮੁੱਚੇ ਪਰਿਵਾਰਕ ਜੀਵਨ ਨੂੰ ਸਮਾਜ-ਸੇਵਾ ਅਥਵਾ ਮਨੁੱਖ ਦੀ ਭਲਾਈ ਦਾ ਸਫਲ ਸਾਧਨ ਦੱਸਿਆ। ਨਾਨਕ ਨਿਰੰਕਾਰੀ ਨੇ ਇਸਤਰੀ ਜਾਤੀ ਦਾ ਸਨਮਾਨ ਕਰਨ ਦੀ ਪ੍ਰੇਰਨਾ ਦਿੱਤੀ ਜਦ ਕਿ ਸਮਾਜ ਵਿਚ ਉਸ ਨੂੰ ਨਖਿੱਧ ਸਮਝਿਆ ਜਾਂਦਾ ਸੀ :

**ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥**(ਪੰਨਾ-473)

ਨਿਰੰਕਾਰੀ ਬਾਬੇ ਨੇ ਆਪਣੇ ਸਲਾਹਕਾਰ, ਸੇਵਕ ਸਾਥੀ ਭਾਈ ਲਾਲੋ, ਭਾਈ ਮਰਦਾਨਾ, ਭਾਈ ਝੰਡਾ ਬਾਢੀ, ਹੱਸੂ ਲੁਹਾਰ, ਆਦਿ ਅਜਿਹੇ ਬਣਾਏ, ਜਿਨ੍ਹਾਂ ਨੂੰ ਨੀਚ ਸਮਝ ਕੇ ਉਸ ਸਮੇਂ ਦਾ ਸਮਾਜ ਘਿਰਣਾ ਕਰਦਾ ਸੀ। ਪਰ ਆਪ ਸਭ ਅਖੌਤੀ ਨੀਚਾਂ ਨੂੰ ਪਿਆਰਦੇ ਤੇ ਸਨਮਾਨਦੇ ਸਨ। ਇਸੇ ਲਈ ਤਾਂ ਫੁਰਮਾਉਂਦੇ ਹਨ :

**ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ॥**
**ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥**
**ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ॥**
(ਪੰਨਾ-15)

ਕਾਮ ਕਰੋਧ, ਲੋਭ, ਮੋਹ ਤੇ ਅਹੰਕਾਰ ਵੱਡਿਆਂ-ਵੱਡਿਆਂ ਦੀ ਸ਼ਖਸ਼ੀਅਤ ਨੂੰ ਰੋਲਦੇ ਚਲੇ ਆ ਰਹੇ ਹਨ। ਪਰ ਗੁਰੂ ਨਾਨਕ ਦੇਵ ਜੀ ਦੇ ਸਰਵੁਚ ਵਿਅਕਤੀਤਵ ਨੂੰ ਇਹ ਹੱਥ ਨਹੀਂ ਪਾ ਸਕੇ।

ਸੰਗਲਾਦੀਪ (ਮੌਜੂਦਾ ਸ੍ਰੀ ਲੰਕਾ) ਦੇ ਦੌਰੇ ਸਮੇਂਰਾਜਾ ਸ਼ਿਵਨਾਭ ਨੇ ਆਪ ਦੀ ਸ਼ਖਸੀਅਤ ਪਰਖਣ ਲਈ ਆਪ ਪਾਸ ਅਤੀ ਸੁੰਦਰ ਇਸਤਰੀਆਂ ਨੂੰ ਭੇਜਿਆ। ਪਰ ਆਪ ਉਨ੍ਹਾਂ ਦੇ ਮਨਮੋਹਨ ਵਰਤਾਰੇ ਤੋਂ ਉੱਕੇ ਹੀ ਬੇਲਾਗ ਰਹੇ। ਸੋ ਉਹ ਰਾਜਾ ਆਪ ਦਾ ਸਿੱਖ ਬਣ ਗਿਆ।

ਜਦੋਂ ਬਾਬਰ ਦਾ ਜ਼ੁਲਮ ਹਿੰਦੁਸਤਾਨ ਦੇ ਸਮਾਜਕ ਜੀਵਨ ਨੂੰ ਵਲੂੰਧਰ ਰਿਹਾ ਸੀ ਤਾਂ ਆਪ ਨੇ ਮਹਾਨ ਕਰਤਾ ਨੂੰ ਸੰਬੋਧਤ ਹੋ ਅਪਣੱਤ ਭਰਪੂਰ ਗਿਲਾ ਕੀਤਾ :

**ਏਤੀ ਮਾਰ ਪਈ ਕਰਲਾਣੇ ਤੈਂ ਕੀ ਦਰਦੁ ਨ ਆਇਆ॥**
(ਪੰਨਾ-360)

ਬਾਦਸ਼ਾਹ ਦੀ ਹੁਕਮ-ਅਦੂਲੀ ਉਸ ਸਮੇਂ ਮੌਤ ਸਹੇੜਨ ਤੁਲ ਸਮਝਦੀਜਾਂਦੀ ਸੀ। ਸੈਦਪੁਰ ਵਿਚ ਬਾਬਰ ਦੇ ਹਮਲੇ ਸਮੇਂ ਹੋਰ ਸ਼ਹਿਰੀਆਂ ਨਾਲ ਆਪ ਵੀ ਕੈਦੀ ਬਣਾਏ ਗਏ। ਆਪ ਨੇ ਹੋਰ ਕੈਦੀਆਂ ਦੀ ਰਿਹਾਇ ਬਗੈਰ ਆਪ ਰਿਹਾਅ ਹੋਣ ਤੋਂ ਨਿਡਰ ਹੋ, ਇਨਕਾਰ ਕਰ ਦਿੱਤਾ। ਆਪ ਦੀ ਸ਼ਖਸੀਅਤ ਤੋਂ ਪ੍ਰਭਾਵਤ ਹੋ ਕੇ ਬਾਬਰ ਨੇ ਆਮ-ਰਿਹਾਈ ਦਾ ਹੁਕਮ ਦੇ ਦਿੱਤਾ।

ਚਹੁ ਦਿਸ਼ਾਵਾਂ ਚਹੁ ਵਰਨਾਂ ਨੂੰ ਉਪਦੇਸ਼-ਯਾਤਰਾਵਾਂ ਪਿੱਛੋਂ ਆਪ ਆਪਣੇ ਵਸਾਏ ਨਗਰ ਕਰਤਾਰਪੁਰ (ਰਾਵੀ ਨਦੀ ਦੇ ਕੰਢੇ ਸਥਿਤ, ਜ਼ਿਲ੍ਹਾ ਸਿਆਲਕੋਟ (ਪਾਕਿਸਤਾਨ) ਵਿਖੇ ਟਿਕ ਗਏ ਤੇ ਜੀਵਨ-ਨਿਰਬਾਹ ਵਜੋਂ ਕਿਰਸਾਨੀ ਅਰੰਭ ਲਈ। 'ਘਰਿ ਘਰਿ ਅੰਦਰਿ ਧਰਮਸਾਲ' ਅਰਥਾਤ 'ਕਿਰਤ ਕਰੋ, ਨਾਮ ਜਪੋ, ਵੰਡ ਛਕੋ' ਦੇ ਸਿਧਾਂਤ ਉਤੇ ਅਮਲ ਆਪਣੇ ਘਰੋਂ ਹੀ ਸ਼ੁਰੂ ਕੀਤਾ। ਇਥੇ ਹੀ 'ਹੁਕਮਿ ਮੰਨਿਐ ਹੋਵੈ ਪਰਵਾਣੁ' ਦੇ ਆਸ਼ੇ ਦੀ ਪੂਰਤੀ ਲਈ ਭਾਈ ਲਹਿਣਾ ਜੀ ਦੀ ਬੇਮਿਸਾਲ ਆਗਿਆਕਾਰਤਾ ਨੂੰ ਮੁੱਖ ਰੱਖ ਕੇ, 'ਅੰਗਦ' (ਗੁਰੂ ਜੀ ਦਾ ਆਪਣਾ ਅੰਗ) ਦੀ ਸੰਗਿਆ ਬਖਸ਼ ਕੇ, ਉਨ੍ਹਾਂ ਨੂੰ ਆਪਣਾ ਅਧਿਆਤਮਕ ਵਾਰਸ ਥਾਪ ਦਿੱਤਾ।

ਆਪਰ ਦੀ ਲੋਕਪ੍ਰਿਯਤਾ ਇਸ ਸਿਖਰ 'ਤੇ ਜਾ ਪਹੁੰਚੀ ਕਿ ਜਦ ਆਪ ਦੀ ਜੋਤ ਮਹਾਨ ਜੋਤ ਨਾਲ ਇਕ-ਮਿਕ ਹੋ ਗਈ ਤਾਂ ਹਿੰਦੂਆਂ ਨੇ ਸਮਾਧੀ ਅਤੇ ਮੁਸਲਮਾਨਾਂ ਨੇ ਕਬਰ ਖੜ੍ਹੀ ਕਰ ਲਈ। ਪਰ ਆਪ ਤਾਂ ਨਾ ਹਿੰਦੂ ਸਨ, ਨਾ ਮੁਸਲਮਾਨ। ਪ੍ਰਭੂ ਦੀ ਰਜ਼ਾ ਨੇ ਹੜ੍ਹਾ ਦਾ ਰੂਪ ਧਾਰ ਕੇ ਸਮਾਧ ਤੇ ਕਬਰ ਦੇ ਦੋਵੇਂ ਨਿਸ਼ਾਨ ਮੇਟ ਦਿੱਤੇ। ਆਪ ਵੱਲੋਂ ਮਨੁੱਖ-ਮਾਤਰ ਦੀ ਅਦੁੱਤੀ ਸੇਵਾ ਸਾਰੇ ਜਗਤ ਵਿਚ, ਸਾਰੇ ਸਮਿਆਂ ਵਿੱਚ ਬੇਮਿਸਾਲ ਹੈ।

ਕਹਿ ਸਕਦੇ ਹਾਂ ਕਿ ਗੁਰੂ ਨਾਨਕ ਸਾਹਿਬ ਜੀ ਦੀਆਂ ਸਰਵ-ਪੱਖੀ ਪ੍ਰਾਪਤੀਆਂ ਆਪ ਜੀ ਦੇ ਮਰਦਿ-ਕਾਮਿਲ (ਸੰਪੂਰਨ ਮਨੁੱਖ) ਹੋਣ ਨੂੰ ਠੀਕ ਮਾਨਤਾ ਦੇਂਦੀਆਂ ਹਨ ਅਤੇ ਇਸ ਲਈ ਸਾਨੂੰ ਮਹਾਨ ਕਵੀ ਡਾਕਟਰ ਮੁਹੰਮਦ ਇਕਬਾਲ ਨਾਲ ਸੁਰ ਮਿਲਾ ਕੇ ਕਹਿਣਾ ਹੀ ਬਣਦਾ ਹੈ :

**ਫਿਰ ਉਠੀ ਆਖਿਰ ਸਦਾ ਤੌਹੀਦ ਕੀ ਪੰਜਾਬ ਸੇ,**
**ਹਿੰਦ ਕੋ ਇਕ ਮਰਦਿ ਕਾਮਿਲ ਨੇ ਜਗਾਇਆ ਖਾਬ ਸੀ।**

## ਧਾਰਮਿਕ ਸਰਗਰਮੀਆਂ



# ਮਹਿਕ ਵਤਨ ਦੀ ਫਾਊਂਡੇਸ਼ਨ ਵੱਲੋਂ ਬਾਬਾ ਰੇਸ਼ਮ ਸਿੰਘ ਜੀ ਖੁਖਰਾਣਾ ਨੂੰ ਇੰਗਲੈਂਡ ਦੇ ਟੂਰ ਲਈ ਸ਼ੁੱਭ ਵਿਦਾਇਗੀ

ਖੁਖਰਾਣਾ/ 29 ਅਕਤੂਬਰ 2024/ ਮਵਦੀਲਾ ਬਿਓਰੋ

ਸਿੱਖ ਪੰਥ ਦੀ ਜਾਣੀ ਪਹਿਚਾਣੀ ਪ੍ਰਸਿੱਧ ਧਾਰਮਿਕ ਸ਼ਖਸ਼ੀਅਤ ਸੰਤ ਬਾਬਾ ਰੇਸ਼ਮ ਸਿੰਘ ਜੀ ਖੁਖਰਾਣਾ ਸਿੱਖ ਧਰਮ ਦੇ ਪ੍ਰਚਾਰ ਤੇ ਪ੍ਰਸਾਰ ਦੇ ਮਿਸ਼ਨ ਤੇ ਚਲਦੇ ਹੋਏ ਇੰਗਲੈਂਡ ਲਈ ਰਵਾਨਾ ਹੋਏ। ਇਸ ਸਬੰਧੀ ਜਾਣਕਾਰੀ ਦਿੰਦਿਆਂ ਬਾਬਾ ਜੀ ਦੇ ਸਪੁੱਤਰ ਭਾਈ ਬਲਜਿੰਦਰ ਸਿੰਘ ਗੋਰਾ ਖੁਖਰਾਣਾ ਨੇ ਦੱਸਿਆ ਕਿ ਸੰਤ ਬਾਬਾ ਰੇਸ਼ਮ ਸਿੰਘ ਜੀ ਖੁਖਰਾਣਾ ਸੰਗਤਾਂ ਨੂੰ ਸਿੱਖ ਧਰਮ ਨਾਲ ਜੋੜਨ ਦੇ ਉਪਰਾਲੇ ਨਾਲ ਧਾਰਮਿਕ ਪ੍ਰੋਗਰਾਮਾਂ ਲਈ ਇੰਗਲੈਂਡ ਵਿਖੇ ਜਾ ਰਹੇ ਹਨ। ਬਾਬਾ ਰੇਸ਼ਮ ਸਿੰਘ ਜੀ ਖੁਖਰਾਣਾ ਇੰਗਲੈਂਡ ਵਿਖੇ ਵੱਖ ਵੱਖ ਸ਼ਹਿਰਾਂ ਦੇ ਵੱਖ-ਵੱਖ ਗੁਰੂਘਰਾਂ ਵਿੱਚ ਧਾਰਮਿਕ ਦੀਵਾਨਾਂ ਰਾਹੀਂ ਸੰਗਤਾਂ ਨੂੰ ਗੁਰੂਘਰ ਨਾਲ ਜੋੜਨਗੇ। ਉਹ ਆਪਣੇ ਅਸਥਾਨ ਗੁਰਦੁਆਰਾ ਦੁਖ ਭੰਜਨ ਸਾਹਿਬ ਖੁਖਰਾਣਾ ਤੋਂ ਰਵਾਨਾ ਹੋਏ ਹਨ।

ਬਾਬਾ ਰੇਸ਼ਮ ਸਿੰਘ ਜੀ ਨੂੰ ਸ਼ੁੱਭ ਵਿਦਾਇਗੀ ਦੇਣ ਲਈ 'ਮਹਿਕ ਵਤਨ ਦੀ ਲਾਈਵ' ਬਿਊਰੋ ਦੇ ਮੁੱਖ ਸੰਪਾਦਕ ਅਤੇ ਮਹਿਕ ਵਤਨ ਦੀ ਫਾਊਂਡੇਸ਼ਨ ਦੇ ਚੇਅਰਮੈਨ ਸ. ਭਵਨਦੀਪ ਸਿੰਘ ਪੁਰਬਾ ਅਤੇ ਪ੍ਰੈਸ ਸਕੱਤਰ ਸ. ਮਨਮੋਹਨ ਸਿੰਘ ਚੀਮਾ ਮੁੱਖ ਤੌਰ ਤੇ ਉਨਾਂ ਦੇ ਸਥਾਨ ਤੇ ਹਾਜ਼ਰ ਹੋਏ ਅਤੇ ਉਨ੍ਹਾਂ ਨੇ ਮਹਿਕ ਵਤਨ ਦੀ ਫਾਊਂਡੇਸ਼ਨ ਸੁਸਾਇਟੀ ਮੋਗਾ ਵੱਲੋਂ ਬਾਬਾ ਰੇਸ਼ਮ ਸਿੰਘ ਜੀ ਨੂੰ ਸ਼ੁੱਭ ਵਿਦਾਇਗੀ ਦਿੱਤੀ।





ਸੰਤ ਬਾਬਾ ਰੇਸ਼ਮ ਸਿੰਘ ਜੀ ਖੁਖਰਾਣੇ ਵਾਲਿਆਂ ਨੂੰ ਸ਼ੁੱਭ ਵਿਦਾਇਗੀ ਦਿੰਦੇ ਹੋਏ 'ਮਹਿਕ ਵਤਨ ਦੀ ਫਾਊਂਡਿਸ਼ਨ' ਦੇ ਚੇਅਰਮੈਨ ਸ. ਭਵਨਦੀਪ ਸਿੰਘ ਪੁਰਬਾ, ਮਨਮੋਹਨ ਸਿੰਘ ਚੀਮਾ ਅਤੇ ਹੋਰ ਪਤਵੰਤੇ। ਫੋਟੋ: ਮਵਦੀਲਾ ਬਿਓਰੋ

ਇਸ ਮੌਕੇ ਸੰਗਤਾਂ ਸਮੇਤ ਭਾਈ ਹਰਪ੍ਰੀਤ ਸਿੰਘ ਸੇਖੋਂ, ਸੁਖਦੀਪ ਸਿੰਘ ਭਾਈ ਬੂਟਾ ਸਿੰਘ (ਪ੍ਰਧਾਨ ਗੁਰਦੁਆਰਾ ਪਾਤਸ਼ਾਹੀ ਛੇਵੀਂ, ਖੁਖਰਾਣਾ), ਹਰਗੋਬਿੰਦ ਸਿੰਘ, ਦਰਪਿੰਦਰ ਸਿੰਘ ਦਾਰਾ ਆਦਿ ਮੁੱਖ ਤੌਰ ਤੇ ਹਾਜ਼ਰ ਸਨ।

# ਜ਼ਿੰਦਗੀ ਦਾ ਹਰ ਪਲ ਸਾਨੂੰ ਪ੍ਰਮਾਤਮਾ ਦੀ ਦਾਤ ਸਮਝ ਕੇ ਜਿਉਣਾ ਚਾਹੀਦਾ ਹੈ -ਸੰਤ ਬਾਬਾ ਗੁਰਦੀਪ ਸਿੰਘ ਜੀ ਚੰਦਪੁਰਾਣਾ

ਬਾਘਾ ਪੁਰਾਣਾ/ ਭਵਨਦੀਪ ਸਿੰਘ ਪੁਰਬਾ



ਮਾਲਵੇ ਦੇ ਪ੍ਰਸਿੱਧ ਅਤੇ ਪਵਿੱਤਰ ਇਤਿਹਾਸਕ ਅਸਥਾਨ, ਗੁਰਦੁਆਰਾ ਸ਼ਹੀਦ ਬਾਬਾ ਤੇਗਾ ਸਿੰਘ ਤਪ ਅਸਥਾਨ ਸੱਚਖੰਡ ਵਾਸੀ ਬਾਬਾ ਨਛੱਤਰ ਸਿੰਘ ਚੰਦ ਪੁਰਾਣਾ ਵਿਖੇ ਪੁੰਨਿਆ ਤੇ ਸੰਗ੍ਰਾਂਦ ਦਾ ਪਵਿਤਰ ਦਿਹਾੜਾ ਵੱਡੇ ਉਤਸ਼ਾਹ ਅਤੇ ਸ਼ਰਧਾ ਨਾਲ ਮਨਾਇਆ ਗਿਆ। ਇਸ ਧਾਰਮਿਕ ਸਮਾਗਮ ਵਿੱਚ ਸੰਗਤਾਂ ਦਾ ਭਾਰੀ ਇਕੱਠ ਹੋਇਆ ਅਤੇ ਸ੍ਰੀ ਅਖੰਡ ਪਾਠਾਂ ਦੇ ਭੋਗ ਪਾਏ ਗਏ, ਜਿਸ ਉਪਰੰਤ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ ਗਈ। ਸਮਾਗਮ ਦੌਰਾਨ ਹਜ਼ੂਰੀ ਰਾਗੀ ਭਾਈ ਸੋਹਣ ਸਿੰਘ ਅਤੇ ਭਾਈ ਇਕਬਾਲ ਸਿੰਘ ਲੰਗੇਆਣਾ ਵੱਲੋਂ ਗੁਰਬਾਣੀ ਕੀਰਤਨ ਰਾਈਸ ਸੰਗਤਾਂ ਨੂੰ ਗੁਰੂ ਜਸ ਸੁਣਾਇਆ ਜਿਸ ਨਾਲ ਸੰਗਤਾਂ ਦੇ ਮਨ ਪਵਿੱਤਰ ਹੋ ਗਏ। ਕੀਰਤਨ ਦੌਰਾਨ ਰੱਬੀ ਬਾਣੀ ਦੇ ਸਿੱਖਿਆਕ ਅਤੇ ਆਤਮਿਕ ਮਹੱਤਵ ਨੂੰ ਬਿਆਨ ਕੀਤਾ ਗਿਆ, ਜਿਸ ਨੇ ਸ਼ਰਧਾਲੂਆਂ ਦੇ ਹਿਰਦੇ ਵਿੱਚ ਆਤਮਕ ਚੇਤਨਾ ਨੂੰ ਜਗਾਇਆ। ਇਸ ਤੋਂ ਇਲਾਵਾ, ਪ੍ਰਸਿੱਧ ਕਵੀਸਰੀ ਜੱਥਾ ਵੀਰਭਾਨ ਸਿੰਘ ਮਾਲਵਾ ਨੇ ਕਵੀਸ਼ਰੀਆਂ ਸੁਣਾਕੇ ਸੰਗਤਾਂ ਨੂੰ ਧਾਰਮਿਕ ਰਸ ਤੋਂ ਭਰਪੂਰ ਕੀਤਾ। ਇਸ ਮੌਕੇ 'ਤੇ ਸੰਤ ਬਾਬਾ ਗੁਰਦੀਪ ਸਿੰਘ ਜੀ ਚੰਦਪੁਰਾਣੇ ਵਾਲਿਆਂ ਨੇ ਪ੍ਰਵਚਨ ਕੀਤੇ। ਉਨ੍ਹਾਂ ਕਿਹਾ, "ਸੰਗਰਾਂਦ ਦਾ ਦਿਹਾੜਾ ਅੰਦਰੂਨੀ ਪਰਿਵਰਤਨ ਦਾ ਰਾਹ ਹੈ। ਹਰ ਮਹੀਨਾ ਸਾਨੂੰ ਇੱਕ ਨਵੀਂ ਉਮੀਦ ਅਤੇ ਨਵੀਂ ਦਿਸ਼ਾ ਦੇ ਵੱਲ ਪੇਸ਼ ਕਰਦਾ ਹੈ। ਕੱਤਕ ਮਹੀਨੇ ਵਿੱਚ, ਗੁਰੂ ਸਾਹਿਬਾਨਾਂ ਨੇ ਸਾਨੂੰ ਇਹ ਸਿੱਖਿਆ ਦਿੱਤੀ ਹੈ ਕਿ ਹਰੇਕ ਸਮਾਂ ਮੌਕੇ ਦੇ ਅਨੁਸਾਰ ਜੀਵਨ ਨੂੰ ਸੁਧਾਰਨਾ ਚਾਹੀਦਾ ਹੈ। ਸੰਗਰਾਂਦਾਂ ਦੇ ਦਿਹਾੜੇ ਸਾਨੂੰ ਯਾਦ ਦਿਲਾਉਂਦੇ ਹਨ ਕਿ ਸਾਡੇ ਜੀਵਨ ਦਾ ਹਰ ਪਲ ਮੁੱਲਵਾਨ ਹੈ ਅਤੇ ਸਾਨੂੰ ਇਸਦੀ ਕਦਰ ਕਰਨੀ ਚਾਹੀਦੀ ਹੈ।"



ਕੱਤਕ ਮਹੀਨੇ ਦੀ ਧਾਰਮਿਕ ਮਹੱਤਤਾ ਬਾਰੇ ਸੰਤ ਬਾਬਾ ਗੁਰਦੀਪ ਸਿੰਘ ਜੀ ਨੇ ਕਿਹਾ ਕਿ "ਕੱਤਕ ਮਹੀਨਾ ਸਾਡੇ ਜੀਵਨ ਵਿੱਚ ਇਕ ਖਾਸ ਰੂਹਾਨੀ ਦਿਸ਼ਾ ਅਤੇ ਸਫਲਤਾ ਦੀ ਮਿਸਾਲ ਹੈ। ਜਿਵੇਂ ਰੁੱਤਾਂ ਬਦਲਦੀਆਂ ਹਨ, ਤਿਵੇਂ ਮਨੁੱਖੀ ਜੀਵਨ ਵਿੱਚ ਵੀ ਬਦਲਾਅ ਦੀ ਲੋੜ ਹੈ।" ਇਸ ਧਾਰਮਿਕ ਸਮਾਗਮ ਵਿੱਚ ਸਟੇਜ ਦੀ ਸੇਵਾ ਭਾਈ ਦਰਸ਼ਨ ਸਿੰਘ ਡਰੋਲੀ ਭਾਈ ਨੇ ਸੰਭਾਲੀ। ਇਸ ਮੌਕੇ ਭਾਈ ਸੁਖਜੀਵਨ ਸਿੰਘ ਸੁੱਖਾ ਮੋਗਾ, ਬਿੱਲੂ ਸਿੰਘ ਚੰਦ ਪੁਰਾਣਾ, ਡਾਕਟਰ ਅਵਤਾਰ ਸਿੰਘ, ਚਮਕੌਰ ਸਿੰਘ ਨੰਬਰਦਾਰ, ਅਜਮੇਰ ਸਿੰਘ, ਨਿਰਮਲ ਸਿੰਘ ਡੇਅਰੀ ਵਾਲਾ, ਨਛੱਤਰ ਸਿੰਘ ਬਦੇਸ਼ਾਂ ਯੂ.ਕੇ., ਦਵਿੰਦਰ ਸਿੰਘ ਠੇਕੇਦਾਰ ਅਤੇ ਸਾਬਕਾ ਸਰਪੰਚ ਮੇਜਰ ਸਿੰਘ ਗਿੱਲ ਆਦਿ ਹਾਜਰ ਸਨ।


## ਕਲਾਸੀਫਾਈਡ ਇਸ਼ਤਿਹਾਰ
CLASSIFIED ADVT.

### ਪਲਾਟ ਵਿਕਾਊ

ਅੰਮ੍ਰਿਤਸਰ ਰੋਡ (ਸੰਧੂ ਹਸਪਤਾਲ) ਤੋਂ ਕਰੀਬ 1 ਕਿਲੋ ਮੀਟਰ ਦੀ ਦੂਰੀ ਤੇ ਮੋਗਾ ਵਿਖੇ ਡਿਫੈਂਸ ਰੋਡ ਤੇ ਸਥਿਤ ਸਾਢੇ 7 ਮਰਲੇ (21x80) ਦਾ ਪਲਾਟ ਸਸਤੇ ਰੇਟ ਵਿੱਚ ਵਿਕਾਊ ਹੈ।
ਪਲਾਟ ਖਰੀਦਣ ਦੇ ਚਾਹਵਾਨ ਸੱਜਣ ਜਲਦੀ ਸੰਪਰਕ ਕਰੋ
ਸੰਪਰਕ ਕਰੋ: 98141-21463

ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ: 9988-92-9988

### ਕੰਨਿਆਂ ਦੀ ਲੋੜ

ਮਜਬੀ ਸਿੱਖ/ 28 ਸਾਲਾ 5' Ie-Lets (ਜਰਨਲ) 5.5 ਬੈਂਡ (+ਨੈਨੀ) ਲੜਕੀ ਲਈ PR ਕੇਸ ਲਗਾਉਣ ਵਾਸਤੇ ਯੋਗ ਲੜਕੇ ਦੀ ਜਰੂਰਤ ਹੈ। ਕੋਈ ਜਾਤੀ ਬੰਧਨ ਨਹੀ।
ਸੰਪਰਕ: 79737-65721, 90418-26425

### ਵਰ ਦੀ ਲੋੜ

ਸਿੱਖ ਛੀਬਾ/ 34 ਸਾਲ 5'-9" ਸਰਕਾਰੀ ਪ੍ਰਾਈਮਰੀ ਟੀਚਰ ਲਈ ਯੋਗ ਲੜਕੀ ਦੀ ਜਰੂਰਤ ਹੈ। ਸਾਦਾ ਵਿਆਹ, ਕੋਈ ਮੰਗ ਨਹੀਂ।
ਸੰਪਰਕ: 99925-32732


# ਧੰਨ ਧੰਨ ਬਾਬਾ ਸ੍ਰੀ ਚੰਦ ਜੀ ਮਹਾਰਾਜ ਦੇ ਜਨਮ ਦਿਹਾੜੇ ਸਬੰਧੀ ਵੈਦ ਬਾਬਾ ਰਾਮ ਸਿੰਘ ਜੀ ਦੇਖ-ਰੇਖ ਹੇਠ ਹੋਇਆ ਵਿਸ਼ਾਲ ਸਮਾਗਮ

ਧਰਮਕੋਟ/ ਭਵਨਦੀਪ ਸਿੰਘ ਪੁਰਬਾ

ਧੰਨ ਧੰਨ ਸਾਹਿਬ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੀ ਛਤਰ ਛਾਇਆ ਹੇਠ ਧੰਨ-ਧੰਨ ਬਾਬਾ ਸ਼੍ਰੀ ਚੰਦ ਜੀ ਮਹਾਰਾਜ ਦਾ 530ਵਾਂ ਸ਼ੁਭ ਜਨਮ ਦਿਹਾੜਾ ਸੇਵਾਦਾਰ ਵੈਦ ਬਾਬਾ ਰਾਮ ਸਿੰਘ ਜੀ ਦੇਖ-ਰੇਖ ਹੇਠ ਜਲੰਧਰ ਰੋਡ ਨੇੜੇ ਨਾਨਕਸਰ ਠਾਠ ਧਰਮਕੋਟ ਜਿਲ੍ਹਾ ਮੋਗਾ ਵਿਖੇ ਬੜੀ ਸ਼ਰਧਾ ਤੇ ਸਤਿਕਾਰ ਸਹਿਤ ਮਨਾਇਆ ਗਿਆ। ਸਵੇਰੇ 10:00 ਸ਼੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ ਉਪਰੰਤ ਧਾਰਮਿਕ ਦੀਵਾਨ ਸ਼ੁਰੂ ਹੋਇਆ ਜੋ 2:00 ਵਜੇ ਤੱਕ ਸਜਿਆ। ਜਿਸ ਵਿੱਚ ਕੀਰਤਨ ਜੱਥਿਆ, ਕਵੀਸ਼ਰੀ ਜੱਥੇ ਅਤੇ ਸੰਤਾਂ ਮਹਾਪੁਰਸ਼ਾ ਨੇ ਹਾਜਰੀ ਭਰ ਕੇ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਮੁੱਖ ਸੇਵਾਦਾਰ ਬਾਬਾ ਰਾਮ ਸਿੰਘ ਜੀ ਨੇ ਧੰਨ-ਧੰਨ ਬਾਬਾ ਸ਼੍ਰੀ ਚੰਦ ਜੀ ਮਹਾਰਾਜ ਦੀ ਆਰਤੀ ਕਰਕੇ, ਬਾਬਾ ਸ਼੍ਰੀ ਚੰਦ ਜੀ ਦੇ ਜੀਵਨ ਬਾਰੇ ਜਾਣਕਾਰੀ ਦਿੰਦੇ ਹੋਏ ਸੰਗਤਾਂ ਨੂੰ ਗੁਰੂ ਘਰ ਨਾਲ ਜੋੜਨ ਦਾ ਉਪਰਾਲਾ ਕੀਤਾ। ਇਸ ਸਮਾਗਮ ਵਿੱਚ ਸੰਤ ਬਾਬਾ ਅਮਰਜੀਤ ਸਿੰਘ ਜੀ ਮੁੱਖ ਸੇਵਾਦਾਰ ਨਾਨਕਸਰ ਠਾਠ ਧਰਮਕੋਟ ਵਾਲਿਆ ਦਾ ਵਿਸ਼ੇਸ਼ ਸਹਿਯੋਗ ਰਿਹਾ। ਇਸ ਸਮਾਗਮ ਦੌਰਾਨ ਕਈ ਪ੍ਰਕਾਰ ਦੇ ਪਕੋੜੇ, ਜਲੇਬੀਆਂ, ਚਾਹ-ਪਾਣੀ, ਦੁੱਧ ਅਤੇ ਗੁਰੂ ਦੇ ਅਟੁੱਟ ਲੰਗਰ ਸਾਰਾ ਦਿਨ ਵਰਤਦੇ ਰਹੇ।





ਇਸ ਸਮਾਗਮ ਵਿੱਚ ਸ਼੍ਰੋਮਣੀ ਪੰਜਾਬੀ ਵੈਦ ਮੰਡਲ (ਰਜਿ:) ਅੰਮ੍ਰਿਤਸਰ ਤੋਂ ਵੈਦ ਮਹੰਤ ਅਮਰੀਕ ਸਿੰਘ ਜੀ (ਚੀਫ ਐਡੀਟਰ: ਸ੍ਰਿਸ਼ਟੀ ਚਕਿੱਤਸਾ), ਜਨਰਲ ਸਕੱਤਰ ਵੈਦ ਰਣਜੀਤ ਸਿੰਘ ਬਾਵਾ, ਖਜਾਨਚੀ ਵੈਦ ਮਹੰਤ ਸੁਖਚੈਨ ਸਿੰਘ, ਵੈਦ ਮਹੰਤ ਅਮਰਦੇਵ ਜੀ ਕਪੂਰਥਲਾ, ਵੈਦ ਭਾਈ ਬੂਟਾ ਸਿੰਘ ਜੀ ਅਟਾਰੀ ਸ਼ਾਮ ਸਿੰਘ, ਵੈਦ ਕੁਲਦੀਪ ਸਿੰਘ ਜੀ, ਵੈਦ ਕਰਮਜੀਤ ਸਿੰਘ ਬਾਘਾ ਪੁਰਾਣਾ, ਸੰਤ ਬਾਬਾ ਅਮਰਜੀਤ ਸਿੰਘ ਜੀ ਮੁੱਖ ਸੇਵਾਦਾਰ ਨਾਨਕਸਰ ਠਾਠ ਧਰਮਕੋਟ, ਬਾਬਾ ਮਹਿੰਦਰ ਸਿੰਘ ਜੀ ਜਨੇਰ ਵਾਲੇ, ਬਾਬਾ ਜਗਦੇਵ ਸਿੰਘ ਨਿਰਮਲ ਕੁਟੀਆ ਵਾਲੇ, ਗਿਆਨੀ ਅਵਤਾਰ ਸਿੰਘ ਜੀ, ਭਾਈ ਗੁਰਬਚਨ ਸਿੰਘ ਜੀ, ਗਿਆਨੀ ਸੁਖਦੇਵ ਸਿੰਘ ਇੰਦਗੜ੍ਹ, ਬਾਬਾ ਬਲਵਿੰਦਰ ਜੀ ਧਰਮਕੋਟ ਸਮੇਤ ਹੋਰ ਕਈ ਸੰਤਾਂ ਮਹਾਪੁਰਸ਼ਾ ਨੇ ਹਾਜਰ ਹੋ ਕੇ ਸੰਗਤਾਂ ਨਾਲ ਗੁਰਮਿਤ ਸਾਂਝ ਪਾਈ। ਇਸ ਮੌਕੇ ਉਪਰੋਕਤ ਸੰਤਾਂ ਮਹਾਪੁਰਸ਼ਾ ਤੋਂ ਇਲਾਵਾ ਸ਼੍ਰੀ ਅਰਜਿੰਦਰ ਕੁਮਾਰ, ਸੇਵਾਦਾਰ ਹਰਦੀਪ ਸਿੰਘ (ਬਾਬਾ ਨਿੱਕਾ ਜੀ), ਜਸਵਿੰਦਰ ਸਿੰਘ ਚੱਕਕੰਨੀਆ, ਹਰਜੀਤ ਸਿੰਘ ਚੱਕਕੰਨੀਆ, ਗੁਰਬਚਨ ਸਿੰਘ ਨਸੀਰੇਵਾਲਾ, ਦਰਸ਼ਨ ਸਿੰਘ ਵਾਰਸ ਸ਼ਾਹ ਵਾਲਾ, ਡਾ. ਦਵਿੰਦਰ ਸਿੰਘ ਬਾਜੇਕੇ, ਲਵਪ੍ਰੀਤ ਸਿੰਘ, ਪ੍ਰਕਾਸ਼ ਸਿੰਘ, ਮੰਗਲ ਸਿੰਘ, ਪ੍ਰਗਟ ਸਿੰਘ ਨਸੀਰੇਵਾਲਾ, ਸਤਨਾਮ ਸਿੰਘ ਧਰਮਕੋਟ, ਗੁਰਸੇਵਕ ਸਿੰਘ ਮਾਹਲਾ ਖੁਰਦ, ਸੁਖਵਿੰਦਰ ਸਿੰਘ ਕੰਨੀਆ ਕਲਾਂ, ਜਸਵਿੰਦਰ ਸਿੰਘ ਸੰਧੂ, ਗੁਰਪ੍ਰੀਤ ਸਿੰਘ ਕੰਨੀਆ, ਹਰਜੋਤ ਸਿੰਘ, ਸ਼ੇਰ ਸਿੰਘ ਨਸੀਰੇਵਾਲਾ, ਸਤਨਾਮ ਸਿੰਘ ਧਰਮਕੋਟ ਆਦਿ ਹੋਰ ਕਈ ਸੇਵਾਦਾਰ ਹਾਜਿਰ ਸਨ।




# ਅਲੋਪ ਹੋ ਰਹੀ ਕਲਾ ਬਾਜ਼ੀ ਪਾਉਣਾ



ਅੱਜ ਦੀ ਨੌਜਵਾਨ ਪੀੜ੍ਹੀ ਨੂੰ ਬਾਜ਼ੀ ਬਾਰੇ ਸ਼ਾਇਦ ਹੀ ਜਾਣਕਾਰੀ ਹੋਵੇ ਇਹ ਕਲਾ ਜੁਣ ਬੀਤੇ ਸਮੇਂ ਦੀ ਗੱਲ ਬਣ ਰਹੀ ਹੈ ਪਰ ਕੁਝ ਸਮਾਂ ਪਹਿਲਾਂ ਇਹ ਆਮ ਪ੍ਰਚਲਤ ਸੀ।

ਜਦੋਂ ਮੈਂ ਸਕੂਲ ਵਿੱਚ ਪੜ੍ਹਦਾ ਸੀ, ਮੈਨੂੰ ਅੱਜ ਤੱਕ ਯਾਦ ਹੈ ਕਿ ਲੱਗਭੱਗ 2-3 ਸਾਲ ਬਾਅਦ ਸਾਡੇ ਪਿੰਡ, ਪਿੰਡ ਫ਼ਰਜੁਲਾਪੁਰ ਜ਼ਿਲ੍ਹਾ ਫਤਹਿਗੜ੍ਹ, ਵਿਖੇ ਬਾਜ਼ੀ ਪੈਂਦੀ ਸੀ ਪਹਿਲਾਂ ਉਚੇਚਾ ਮੁਨਾਦੀ ਕਰਵਾਈ ਜਾਂਦੀ ਅਤੇ ਨਿਸ਼ਚਿਤ ਦਿਨ ਸਾਰੇ ਲੋਕ ਆਪਣਾ ਕੰਮ ਸਮੇਟ ਕੇ ਬੜੇ ਚਾਅ ਅਤੇ ਉਤਸ਼ਾਹ ਨਾਲ ਬਾਜ਼ੀ ਦੇਖਣ ਆਉਂਦੇ।

ਗੁਰਬਾਣੀ ਵਿਚ ਜ਼ਿਕਰ ਹੈ, ਬਾਜ਼ੀਗਰ ਬਾਜ਼ੀ ਪਾਈ, ਸਭ ਖ਼ਲਕ ਤਮਾਸ਼ੇ ਆਈ। ਇਸ ਤੋਂ ਸਪਸ਼ਟ ਹੁੰਦਾ ਹੈ ਕਿ ਗੁਰੂ ਸਾਹਿਬਾਨ ਦੇ ਸਮੇਂ ਵੀ ਇਹ ਕਲਾ ਪ੍ਰਚਲਤ ਸੀ ਤਦ ਹੀ ਉਨ੍ਹਾਂ ਨੇ ਪ੍ਰਮਾਤਮਾ ਨੂੰ ਬਾਜ਼ੀਗਰ ਦੀ ਤੁਲਨਾ ਦਿੱਤੀ ਹੈ।

ਪੰਜਾਬੀ ਦੇ ਇਕ ਪੁਰਾਣੇ ਗੀਤ ਵਿਚ ਲੜਕੀ, ਲੜਕੇ ਨੂੰ ਆਖਦੀ ਹੈ,

ਤਕੀਏ ਪੈਂਦੀ ਬਾਜ਼ੀ,
ਵੇ ਤੂੰ ਬਾਜ਼ੀ ਕਿਉਂ ਨਹੀਂ ਦੇਖਦਾ?
ਅੱਗੋਂ ਲੜਕੇ ਦਾ ਜਵਾਬ ਹੈ,
ਤੂੰਹੀਓ ਮੇਰੀ ਬਾਜ਼ੀ,
ਨੀ ਮੈਂ ਤੇਰੇ ਵੱਲੀਂ ਦੇਖਦਾ.....

ਨਿਸ਼ਚਿਤ ਤਾਰੀਖ ਨੂੰ ਕਲਾਕਾਰ, ਜੋ ਆਮ ਤੌਰ ਤੇ ਬਾਜ਼ੀਗਰ ਘਰਾਣੇ 'ਚੋਂ ਹੁੰਦੇ ਸਨ, ਨਿਸ਼ਚਿਤ ਥਾਂ ਤੇ ਆਪਣੇ ਸਾਜ਼ੋ ਸਮਾਨ ਸਮੇਤ ਪਹੁੰਚ ਜਾਂਦੇ ਸਨ ਪਿੰਡ ਦੀ ਕੋਈ ਖੁੱਲ੍ਹੀ ਥਾਂ ਬਾਜ਼ੀ ਪਾਉਣ ਲਈ ਚੁਣੀ ਜਾਂਦੀ ਉਪਰੋਕਤ ਗੀਤ ਵਿਚ ਇਹ ਥਾਂ ਤਕੀਆ ਹੈ, ਜੋ ਪਿੰਡ ਵਿਚ ਮੁਸਲਮਸਨਾਂ ਲਈ ਛੱਡੀ ਹੋਈ ਥਾਂ ਹੁੰਦੀ ਸੀ ਸਾਡੇ ਪਿੰਡ ਵਿੱਚ ਇਹ ਗੁਰਦੁਆਰਾ ਸਾਹਿਬ ਦੇ ਸਾਹਮਣੇ, ਵੱਡੇ ਬੋਹੜ ਹੇਠਾਂ, ਜਿੱਥੇ ਕਾਫ਼ੀ ਥਾਂ ਖੁੱਲ੍ਹੀ ਪਈ ਸੀ, ਉਥੇ ਬਾਜ਼ੀ ਪੈਂਦੀ ਹੁੰਦੀ ਸੀ।

ਲੱਗਭੱਗ 8-9 ਕਲਾਕਾਰ ਇੱਕ ਬਾਜ਼ੀ ਵਿੱਚ ਹੁੰਦੇ ਹਨ। ਇੱਕ ਢੋਲੀ ਹੁੰਦਾ ਹੈ, ਜਿਹੜਾ ਕੀਤੇ ਜਾਣ ਵਾਲੇ ਕਰਤੱਵਾਂ ਦੌਰਾਨ ਢੋਲ ਵਜਾ ਕੇ ਕਲਾਕਾਰਾਂ ਦੀ ਹੌਸਲਾ ਅਫ਼ਜ਼ਾਈ ਕਰਦਾ ਹੈ ਅਤੇ ਵਾਤਾਵਰਨ ਵਿਚ ਜੋਸ਼ ਅਤੇ ਉਤਸ਼ਾਹ ਬਣਾਈ ਰੱਖਦਾ ਹੈ।

ਖੇਲ ਦਿਖਾਉਂਦੇ ਹੋਏ ਇਹ ਕਲਾਕਾਰ ਹਾਸ-ਵਿਅੰਗ ਵਾਰਤਾਲਾਪ ਦੀ ਵਰਤੋਂ ਕਰਦੇ ਰਹਿੰਦੇ, ਜਿਸ ਨਾਲ ਲੋਕਾਂ ਦਾ ਮਨੋਰੰਜਨ ਵੀ ਹੁੰਦਾ ਦਿਖਾਏ ਜਾਣ ਵਾਲੇ ਖੇਲ ਜ਼ਿਆਦਾਤਰ ਸਰੀਰਕ ਬਲ ਅਤੇ ਕਲਾ ਨਾਲ ਸੰਬੰਧਤ ਹੁੰਦੇ ਹੁਣ ਮੈਂ ਕੁਝ ਕੁ ਉਨ੍ਹਾਂ ਖੇਲਾਂ ਦਾ ਜ਼ਿਕਰ ਕਰਾਂਗਾ, ਜਿਹੜੇ ਮੈਂ ਆਪਣੀਆਂ ਅੱਖਾਂ ਨਾਲ ਦੇਖੇ ਅਤੇ ਹੁਣ ਤੱਕ ਮੇਰੀ ਯਾਦ ਵਿਚ ਸੰਭਾਲੇ? ਪਏ ਹਨ ਹੋਰ ਵੀ ਖੇਲ ਹੋਣਗੇ ਜੋ ਮੈਂ ਨਹੀਂ ਦੇਖੇ ਜਾਂ ਮੇਰੇ ਯਾਦ ਨਹੀਂ।

ਇੱਕ ਖੇਲ ਵਿੱਚ ਇੱਕ ਗੋਲ ਰਿਗ ਹੁੰਦਾ ਸੀ, ਜਿਸ ਨੂੰ ਸਹਾਰੇ ਨਾਲਲ ਦੋ ਬੰਦਿਆਂ ਨੇ ਉਚਾਈ ਤੇ ਫੜਿਆ ਹੁੰਦਾ ਸੀ ਧਾਤ ਦੇ ਇਸ ਚੱਕਰ ਦੁਆਲੇ ਕੱਪੜਾ ਜਾਂ ਰੂੰ ਲਪੇਟ ਕੇ ਅੱਗ ਲਗਾ ਦਿੱਤੀ ਜਾਂਦੀ ਸੀ ਕਲਾਕਾਰ ਨੇ ਦੂਰੋਂ ਭੱਜ ਕੇ ਇਸ ਛੋਟੇ ਚੱਕਰ ਦੇ ਵਿੱਚੋਂ ਦੀ ਛਾਲ ਮਾਰਨੀ ਹੁੰਦੀ ਸੀ ਉਹ ਹਮੇਸ਼ਾ ਸਿਰ ਅੱਗ ਵਾਲੇ ਕੜੇ ਵਿੱਚੋਂ ਪਹਿਲਾਂ ਕੱਢਦਾ ਤੇ ਦੂਜੇ ਪਾਸੇ, ਜਿੱਥੇ ਮਿੱਟੀ ਪੁੱਟ ਕੇ ਥਾਂ ਪੋਲੀ ਕੀਤੀ ਹੁੰਦੀ ਸੀ, ਜਾ ਡਿੱਗਦਾ।

ਦੂਸਰੇ ਖੇਲ ਵਿੱਚ ਇੱਕ ਕੜਾ, ਜਿਸਦਾ ਵਿਆਸ 1-1.5 ਫੁੱਟ ਮਸਾਂ ਹੋਵੇਗਾ, ਜਿਸ 'ਚੋਂ ਇੱਕ ਇਨਸਾਨ ਦਾ ਲੰਘਣਾ ਵੀ ਆਸਾਨ ਨਹੀਂ, ਇਹ ਬਾਜ਼ੀਗਰ ਉਸ ਕੜੇ ਵਿੱਚੋਂ ਦੋ ਜਣੇ ਲੰਘ ਕੇ ਦਿਖਾਉਂਦੇ ਸਨ ਇਹ ਬੜਾ ਉਤੇਜਨਾ ਭਰਿਆ ਕੰਮ ਹੁੰਦਾ ਸੀ ਪਿੰਡਿਆਂ ਨੂੰ ਤੇਲ ਲਗਾ ਕੇ ਤਿਲਕਣਾ ਬਣਾ ਲਿਆ ਜਾਂਦਾ। ਜੇ ਇੱਕ ਕਲਾਕਾਰ ਦਾ ਮੂੰਹ ਪੂਰਬ ਵੱਲ ਹੁੰਦਾ ਤਾਂ ਦੂਸਰੇ ਕਲਾਕਾਰ ਦਾ ਮੂੰਹ ਪੱਛਮ ਵੱਲ ਹੁੰਦਾ। ਸਿਰ ਲੰਘਾਉਣੇ ਬਹੁਤ ਹੀ ਮੁਸ਼ਕਿਲ ਹੁੰਦੇ ਸਨ। ਦਰਸ਼ਕਾਂ ਦੇ ਵੀ ਦਿਲ ਧੜਕਣ ਲੱਗ ਜਾਂਦੇ ਸਨ ਕਦੀ ਕਦੀ ਇੱਕ ਜਣਾ ਬੋਲਦਾ, ਹਾਇ ਓਇ, ਮਰ ਗਿਆ। ਯਾਰ ਕੱਟ ਪਰੇ ਸਿਰ ਨੂੰ ਬਾਹਰ ਨਿਕਲਣ ਤੇ ਫੇਵੀਕੋਲ ਨਾਲ ਦੁਬਾਰਾ ਜੋੜ ਦੇਵੀਂ ਢੋਲ ਦਾ ਡੱਗਾ ਜਾਰੀ ਰਹਿੰਦਾ।

ਇੱਕ ਕਰਤੱਵ ਵਿੱਚ 6-7 ਤਲਵਾਰਾਂ ਇੱਕ ਦੂਜੇ ਦੇ ਸਮਾਨਾਂਤਰ ਟਿਕਾਈਆਂ ਜਾਂਦੀਆਂ ਸਨ। ਕਲਾਕਾਰ ਇਨ੍ਹਾਂ ਵਿਚਕਾਰ ਛੱਡੀ ਥਾਂ ਤੇ ਆ ਖੜ੍ਹ ਜਾਂਦਾ, ਜਿਹੜੀ ਅੱਧਿ ਫੁੱਟ ਤੋਂ ਵੀ ਜ਼ਰਾ ਘੱਟ ਹੀ ਹੁੰਦੀ ਸੀ ਉਸ ਦਾ ਸਾਥੀ ਪਿੱਛਿਓਂ ਉਸ ਦੀਆਂ ਅੱਖਾਂ ਤੇ ਚੰਗੀ ਤਰ੍ਹਾਂ ਪੱਟੀ ਬੰਨ੍ਹ ਦਿੰਦਾ ਕਈ ਵਾਰ ਦਰਸ਼ਕਾਂ ਨੂੰ ਵੀ ਬੰਨ੍ਹੀ ਪੱਟੀ ਤਸੱਲੀ ਲਈ ਦਿਖਾਈ ਜਾਂਦੀ। ਹੁਣ ਉਸ ਨੇ ਆਪਣੇ ਪੈਰ ਜ਼ਮੀਨ ਤੋਂ ਚੁੱਕ ਕੇਸਿਰ ਦੇ ਉਪਰੋਂ ਘੁਮਾ ਕੇ, ਬਿਲਕੁਲ ਉਸੇ ਥਾਂ ਤੇ ਹੀ ਪੁੱਠੀ ਛਾਲ ਮਾਰਨੀ ਹੁੰਦੀ ਸੀ ਪੈਰ ਵੀ ਨੰਗੇ ਹੁੰਦੇ ਸਨ ਅਤੇ ਤਲਵਾਰਾਂ ਵੀ ਤਿੱਖੀਆਂ ਬੜਾ ਖਤਰਨਾਕ ਖੇਲ ਹੁੰਦਾ ਸੀ ਪਰ ਉਹ ਬੜੀ ਆਸਾਨੀ ਨਾਲ ਕਰ ਜਾਂਦਾ ਸੀ।

ਕਦੇ ਕਦੇ ਬਾਜ਼ੀਗਰ ਆਪਣੀ ਜੀਭ ਵਿੱਚੋਂ ਇੱਕ ਮੋਟਾ ਸੂਆ ਆਰ ਪਾਰ ਕਰਕੇ ਦਿਖਾਉਂਦੇ। ਕਦੇ, ਜਿਸ ਤਰ੍ਹਾਂ ਨਿਹੰਗ ਸਿੰਘ ਕਰਕੇ ਦਿਖਾਉਂਦੇ ਹਨ, ਉਸ ਤਰ੍ਹਾਂ ਦੇ ਕਰਤੱਵ ਵੀ ਹੁੰਦੇ ਸਨ ਜਿਵੇਂ ਅੱਖਾਂ ਤੇ ਪੱਟੀ ਬੰਨ੍ਹ ਕੇ ਤਲਵਾਰ ਨਾਲ ਦੂਸਰੇ ਦੀ ਗਰਦਨ ਤੇ ਪਿਆ ਕੇਲਾ ਜਾਂ ਕੋਈ ਹੋਰ ਨਰਮ ਚੀਜ਼ ਨੂੰ ਕੱਟਣਾ ਆਦਿ।

ਇਝ ਹੀ ਇੱਕ ਖੇਲ ਵਿੱਚ ਇੱਕ ਕਲਾਕਾਰ ਦੇ ਸਿਰ ਤੇ ਮੂਧਾ ਘੜਾ ਰੱਖਿਆ ਜਾਂਦਾ। ਜਿਸ ਲਈ ਉਹ ਸਿਰ ਤੇ ਕੱਪੜੇ ਦਾ ਇਨੂੰ ਜਿਹਾ ਬਣਾ ਕੇ ਉਸ ਤੇ ਘੜਾ ਟਿਕਾਉਂਦਾ। ਦੂਸਰਾ ਕਲਾਕਾਰ ਪਿੱਛਿਓਂ ਇਸ ਘੜੇ ਦੇ ਉਪਰ ਖੜ੍ਹਾ ਹੋ ਜਾਂਦਾ। ਹੇਠਲਾ ਕਲਾਕਾਰ ਗੋਲ ਅਖਾੜੇ ਵਿੱਚ ਚੱਕਰ ਕੱਟਦਾ ਅਤੇ ਉਪਰਲਾ ਕਲਾਕਾਰ ਆਪਣਾ ਤਵਾਜ਼ਨ ਕਾਇਮ ਰੱਖਦੇ ਹੋਏ, ਹੱਥ ਬਾਹਰ ਕੱਢਦੇ ਹੋਏ ਬੜੀ ਸ਼ਾਨ ਨਾਲ ਉਚੀ ਆਵਾਜ਼ ਵਿੱਚ ਕੋਈ ਗੀਤ ਛੋਹ ਲੈਂਦਾ। ਇੱਕ ਗੀਤ ਦੁੱਲਾ ਭੱਟੀ ਦੇ ਕਿੱਸੇ ਵਿੱਚੋਂ ਜੋ ਸੁਣਾਇਆ ਜਾਂਦਾ ਸੀ, ਉਸ ਦੇ ਬੋਲ ਮੈਨੂੰ ਯਾਦ ਹਨ:

ਰਾਹ ਦੇ ਵਿੱਚ ਬੈਠੀ ਹੋਣੀ ਬੋਲੀ ਜਾਣ ਕੇ
ਦੁੱਲਿਆ ਵੇ ਟੋਕਰਾ ਚਕਾਈਂ ਆਣ ਕੇ
ਟੋਕਰੇ ਚ' ਭਾਰ ਨਹੀਂਓਂ, ਹੈਗਾ ਸੱਖਣਾ
ਚੁੱਕ ਨਹੀਂਓਂ ਹੁੰਦਾ ਵੇ ਚਕਾ ਦੀਂ ਮੱਖਣਾ
ਜਾਵੇਂਗਾ ਤੂੰ ਭੱਟੀਆਂ ਦੀ ਮਿੱਟੀ ਛਾਣ ਕੇ
ਦੁੱਲਿਆ ਵੇ ਟੋਕਰਾ ਚਕਾਈਂ ਆਣ ਕੇ।

ਇਸ ਤਰ੍ਹਾਂ ਨਾਲ ਦੀ ਨਾਲ ਮਨੋਰੰਜਨ ਗੀਤ ਸੰਗੀਤ ਦਾ ਹੁੰਦਾ ਤੇ ਨਾਲ ਹੀ ਕਰਤੱਵ ਚੱਲਦੇ ਕਦੀ ਕੋਈ ਹੋਰ ਲੋਕ ਗਾਥਾ ਵਿੱਚੋਂ ਗੀਤ ਗਾਏ ਜਾਂਦੇ।

ਸਭ ਤੋਂ ਅਖੀਰ ਵਿੱਚ ਅਤੇ ਸਭ ਤੋਂ ਔਖੀ ਸਮਝੀ ਜਾਂਦੀ ਬਾਜ਼ੀ ਦੀ ਛਾਲ ਹੁੰਦੀ ਸੀ ਇਹ ਛਾਲ ਲਗਾਉਣੀ ਕਿਸੇ ਹੌਸਲੇ ਵਾਲੇ ਦਾ ਹੀ ਕੰਮ ਹੁੰਦਾ ਸੀ। ਇਸ ਵਿੱਚ ਇੱਕ ਬਾਂਸ 8-10 ਫੁੱਟ ਉਚਾ ਜ਼ਮੀਨ ਵਿੱਚ ਗੱਡਿਆ ਜਾਂਦਾ ਸੀ। ਉਸ ਬਾਂਸ ਤੇ ਇੱਕ ਲੱਕੜੀ ਦੀ ਵਰਗਾਕਾਰ ਚੌਕੀ ਫਿੱਟ ਕੀਤੀ ਜਾਂਦੀ ਸੀ। ਬਾਜ਼ੀਗਰ ਨੇ ਉਸ ਚੌਕੀ ਤੇ ਚੜ੍ਹ ਜਾਣਾ। ਪੌੜੀ ਦੀ ਸਹਾਇਤਾ ਨਾਲ ਉਸ ਦੀਆਂ ਅੱਖਾਂ ਤੇ ਪੱਟੀ ਬੰਨ੍ਹ ਦਿੱਤੀ ਜਾਂਦੀ ਸੀ। ਪਹਿਲਾਂ ਵਾਂਗ ਹੀ ਇਸ ਕਲਾਕਾਰ ਨੇ ਚੌਕੀ ਦੇ ਉਪਰ ਹੀ ਆਪਣੇ ਦੋਵੇਂ ਪੈਰ ਚੁੱਕ ਕੇ ਸਿਰ ਦੇ ਉਪਰੋਂ ਲੰਘਾ ਕੇ ਪੁੱਠੀ ਛਾਲ ਮੁੜ ਚੌਕੀ ਤੇ ਮਾਰਨੀ ਇਹ ਵੀ ਕਾਫ਼ੀ ਖਤਰਨਾਕ ਹੁੰਦੀ ਸੀ। ਜ਼ਰਾ ਜਿੰਨਾ ਪੈਰ ਫਿਸਲੇ ਤੋਂ ਹੇਠਾਂ ਡਿਗਣ ਦਾ ਖਤਰਾ ਬਣਿਆ ਰਹਿੰਦਾ ਸੀ। ਪਿੰਡ ਵਾਸੀਆਂ ਵੱਲੋਂ ਕਣਕ, ਆਟਾ, ਗੁੜ ਅਤੇ ਰੁਪਏ ਆਦਿ ਦੇ ਕੇ ਕਲਾਕਾਰਾਂ ਦਾ ਮਾਣ ਸਨਮਾਨ ਕੀਤਾ ਜਾਂਦਾ ਸੀ। ਅੱਜ ਨਾ ਤਾਂ ਕਿਧਰੇ ਬਾਜ਼ੀਗਰ ਦਿਖਦੇ ਹਨ ਅਤੇ ਨਾਂ ਉਹ ਸਰੀਰ ਹਨ ਨਾ ਸਾਡੇ ਕੋਲ ਐਸੀਆਂ ਖੇਡਾਂ ਲਈ ਵਕਤ ਹੈ ਸਾਡੇ ਸ਼ੌਕ ਮਨੋਰੰਜਨ ਦੇ ਸਾਧਨ ਟੀ.ਵੀ., ਕੰਪਿਊਟਰ ਵਰਗੇ ਹੋ ਗਏ ਹਨ। ਇਹ ਬੀਤੇ ਸਮੇਂ ਦਾ ਇਤਿਹਾਸ ਬਣ ਕੇ ਰਹਿ ਗਿਆ ਹੈ। ਸਾਨੂੰ ਆਪਣੇ ਅਮੀਰ ਵਿਰਸੇ ਤੇ ਮਾਣ ਹੈ।

ਜਸਵਿੰਦਰ ਸਿੰਘ ਰੁਪਾਲ
ਲੈਕਚਰਰ ਅਰਥ-ਸ਼ਾਸ਼ਤਰ,
ਸ: ਸੀਨੀ. ਸੈ. ਸਕੂਲ ਭੈਣੀ ਸਾਹਿਬ, ਲੁਧਿਆਣਾ

ਦੇਸ਼ਾਂ ਵਿਦੇਸ਼ਾਂ ਵਿੱਚ ਵਸਦੀ ਸਮੂੰਹ ਸੰਗਤ ਨੂੰ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਅਵਤਾਰ ਪੁਰਬ ਦੀਆਂ ਲੱਖ-ਲੱਖ ਮੁਬਾਰਕਾਂ ਹੋਵਣ ਜੀ!





With Best Wishes From:
ਤਬਲਾ ਵਾਦਕ
ਵਿਸ਼ਾਲ ਸਿੰਘ
ਸੰਪਰਕ:
62849-19265

ਮਹਿਕ ਵਤਨ ਦੀ
'Mehak Watan Di Live'

## ਗੀਤ

### "ਬਾਬਾ ਨਾਨਕ"

ਬਾਬਾ ਨਾਨਕ ਅੱਜ ਵੀ ਹੈਗਾ,
ਥੋੜ੍ਹਾ ਅੱਗੇ ਤੁਰਕੇ ਦੇਖੋ।
ਦਰਸ਼ਨ ਦੇਊ ਮੂਹਰੇ ਖੜ੍ਹਕੇ,
ਬਾਣੀ ਦੇ ਨਾਲ ਜੁੜਕੇ ਦੇਖੋ।
ਦਸ ਨੌਹਾਂ ਦੀ ਕਿਰਤ ਕਰੋ ਤੇ
ਉਹਨੂੰ ਵੰਡ ਕੇ ਖਾਓ ਜੀ,
ਰੁੱਖੀ ਸੁੱਖੀ ਮਿਲ ਜਾਏ ਜਿਹੜੀ
ਖਾ ਕੇ ਸ਼ੁਕਰ ਮਨਾਓ ਜੀ।
ਆਕੜ ਛੱਡੋ ਨੀਵੇਂ ਹੋ ਜੋ
ਮਿਸ਼ਰੀ ਵਾਂਗੂੰ ਭੁਰਕੇ ਦੇਖੋ,
ਬਾਬਾ ਨਾਨਕ ਅੱਜ ਵੀ ਹੈਗਾ.......

ਵਹਿਮ ਭਰਮ ਤੇ ਜਾਤ-ਪਾਤ ਦਾ
ਦਿਲ ਚੋਂ ਬੂਟਾ ਪੱਟ ਦਿਓ,
ਜ਼ੁਲਮ ਕਰੋ ਨਾ ਗਊ ਗਰੀਬ ਤੇ
ਸਭਨੂੰ ਉਹਦਾ ਹੱਕ ਦਿਓ,
ਮਜਬੂਰੀ ਵਾਲੇ ਪਾਣੀ ਵਿੱਚ
ਪਹਿਲਾਂ ਆਪ ਖੁਰ ਕੇ ਦੇਖੋ,
ਬਾਬਾ ਨਾਨਕ ਅੱਜ ਵੀ ਹੈਗਾ.......

ਧੀ ਭੈਣ ਦੀ ਇੱਜਤ ਕਰੋ ਤੇ
ਮਾਂ ਬਾਪ ਦੀ ਸੇਵਾ ਵੀ,
ਦੌਲਤ ਸ਼ੋਹਰਤ ਵੱਖਰੀ ਮਿਲਜੂ
ਮਿਲੂ ਖਾਣ ਨੂੰ ਮੇਵਾ ਵੀ,
ਮਾਪਿਆਂ ਅੱਗੇ ਬਚਿਆਂ ਵਾਂਗੂੰ
ਫੇਰ ਦੁਬਾਰਾ ਰੁੜ ਕੇ ਦੇਖੋ,
ਬਾਬਾ ਨਾਨਕ ਅੱਜ ਵੀ ਹੈਗਾ.......।

ਐਨਾ ਵੀ ਜੇ ਕਰ ਨਈ ਸਕਦੇ,
ਫੇਰ ਨਾ ਲੱਭੋ ਨਾਨਕ ਨੂੰ।
ਅਮਲ ਜਰੂਰੀ ਕਾਰਨਾਂ ਪੈਣਾ,
ਜੇ ਪਾਉਣਾ ਰੂਹਾਨੀ ਤਾਕਤ ਨੂੰ।
ਕਰੋ ਹੌਂਸਲਾ ਅੱਗੇ ਵਧ ਜੋ
ਪਿੱਛੇ ਨੂੰ ਨਾ ਮੁੜ ਕੇ ਦੇਖੋ।
ਬਾਬਾ ਨਾਨਕ ਅੱਜ ਵੀ ਹੈਗਾ.......

ਥੋੜ੍ਹਾ ਅੱਗੇ ਤੁਰ ਕੇ ਦੇਖੋ,
ਦਰਸ਼ਨ ਦੇਊ ਮੂਹਰੇ ਖੜ ਕੇ
ਬਾਣੀ ਦੇ ਨਾਲ ਜੁੜ ਕੇ ਦੇਖੋ।

ਲੈਕਚਰਾਰ ਵੰਦਨਾ ਸ਼ਰਮਾ
ਬਡਾਲੀ ਆਲਾ ਸਿੰਘ
(ਫਤਿਹਗੜ੍ਹ ਸਾਹਿਬ)

ਮਹਿਕ ਵਤਨ ਦੀ
'Mehak Watan Di Live'

## ਪਿੰਡ ਖੋਟੇ ਵਿਖੇ ਸਰਬ ਸੰਮਤੀ ਨਾਲ ਪੰਚਾਇਤ ਚੁਣੇ ਜਾਣ ਤੇ ਸ੍ਰੀ ਸੁਖਮਨੀ ਸਾਹਿਬ ਦਾ ਪਾਠ ਕਰਵਾਇਆ ਗਿਆ

ਮੋਗਾ/ ਜਗਤਾਰ ਸਿੰਘ ਪਰਮਿਲ

ਕੁਲਦੀਪ ਕੌਰ ਪਤਨੀ ਸਰਦਾਰ ਗੁਰਚਰਨ ਸਿੰਘ ਵੱਲੋਂ ਸਰਬ ਸੰਮਤੀ ਨਾਲ ਪਿੰਡ ਖੋਟੇ ਦੇ ਸਰਪੰਚ ਚੁਣੇ ਜਾਣ ਦੀ ਖੁਸ਼ੀ ਵਿੱਚ ਸ੍ਰੀ ਸੁਖਮਨੀ ਸਾਹਿਬ ਦਾ ਪਾਠ ਕਰਵਾਇਆ ਗਿਆ ।




ਜ਼ਿਕਰ ਯੋਗ ਹੈ ਕਿ ਮੋਗਾ ਦੇ ਨੇੜਲੇ ਪਿੰਡ ਖੋਟੇ ਵਿਖੇ ਪਿਛਲੇ ਤਕਰੀਬਨ 35 ਸਾਲਾਂ ਤੋਂ ਸਰਬ ਸੰਮਤੀ ਨਾਲ ਪੰਚਾਇਤ ਚੁਣੀ ਜਾ ਰਹੀ ਹੈ। ਇਸੇ ਸਬੰਧ ਵਿੱਚ ਐਤਕੀ ਵੀ ਸ. ਬਲਵੀਰ ਸਿੰਘ ਤੂਰ ਕੈਨੇਡੀਅਨ ਦੇ ਸਹਿਯੋਗ ਨਾਲ ਪਿੰਡ ਖੋਟੇ ਦੇ ਪੰਚ ਅਤੇ ਸਰਪੰਚ ਸਾਰੇ ਸਰਬ ਸੰਮਤੀ ਨਾਲ ਚੁਣੇ ਗਏ।

ਐਤਕੀ ਸਰਵ ਸੰਮਤੀ ਨਾਲ ਹੋਈ ਚੋਣ ਮੁਤਾਬਿਕ ਕੁਲਦੀਪ ਕੌਰ ਪਤਨੀ ਸ. ਗੁਰਚਰਨ ਸਿੰਘ ਨੂੰ ਖੋਟੇ ਪਿੰਡ ਦੀ ਸਰਪੰਚ ਚੁਣਿਆ ਗਿਆ ਜਦੋਂ ਕਿ ਗਿਆਨੀ ਸੁਖਦੇਵ ਸਿੰਘ, ਲਵਪ੍ਰੀਤ ਸਿੰਘ, ਗੁਰਜੀਤ ਕੌਰ ਗੁਰਜੀਤ ਕੌਰ (ਦੂਸਰੇ) ਗੁਰਮੀਤ ਕੌਰ ਨੂੰ ਪੰਚ ਚੁਣਿਆ ਗਿਆ। ਸਰਪੰਚ ਅਤੇ ਸਾਰੇ ਪੰਚਾਂ ਨੂੰ ਸਰਬ ਸੰਮਤੀ ਨਾਲ ਚੁਣੇ ਜਾਣ ਤੇ ਬਹੁਤ ਬਹੁਤ ਮੁਬਾਰਕਾਂ ਤੇ ਪਿੰਡ ਵਾਸੀਆਂ ਦਾ ਬਹੁਤ ਬਹੁਤ ਧੰਨਵਾਦ।

ਆਪਣੇ ਸਮਾਗਮਾਂ ਨੂੰ ਦੁਨੀਆਂ ਭਰ ਵਿੱਚ ਵਸਦੇ ਪੰਜਾਬੀਆਂ ਨਾਲ ਸਾਂਝਾ ਕਰੋ!
'ਮਹਿਕ ਵਤਨ ਦੀ ਲਾਈਵ' ਬਿਓਰੋ ਰਾਹੀਂ...
ਆਪਣੇ ਸਮਾਗਮਾਂ ਦਾ ਸਿੱਧਾ ਪ੍ਰਸ਼ਾਰਨ ਕਰਵਾਓ !
'ਮਹਿਕ ਵਤਨ ਦੀ ਲਾਈਵ' ਵੈਬ ਟੀ.ਵੀ. ਤੇ...

ਕਹਾਣੀ

### ਭਾਈ ਲਾਲੋ ਜੀ ਦੀ ਕਿਰਤ ਨੂੰ ਯਾਦ ਕਰਦਿਆਂ
### ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਅਵਤਾਰ ਪੁਰਬ ਤੇ ਵਿਸ਼ੇਸ਼

# ਔਜ਼ਾਰਾਂ ਦੀ ਗੁਫਤ-ਗੂ



ਨਾਂ ਤਾਂ ਉਸਦਾ ਬਲਾਰਜ ਸੀ।ਪਰ ਅਜੇ ਉਹ ਉਸਾਰੀ ਦੇ ਕੰਮ ਵਿੱਚ ਮਾਹਿਰ ਨਹੀ ਸੀ।ਕੱਦ ਦਰਮਿਆਨਾਂ ਰੰਗ ਸਾਂਵਲਾ ਤੇ ਮੋਟੀਆਂ ਅੱਖਾਂ ਸਨ।ਘਰ ਦਾ ਗੁਜਾਰਾ ਉਹ ਘਰਾਂ ਦੀਆਂ ਕੰਧਾਂ ਕੱਢਕੇ, ਖੁਰਲੀਆਂ ਅਤੇ ਖੇਤਾਂ 'ਚ ਟਿਊਬਵੈਲ ਦੀ ਧਾਰ ਦੇ ਪਾਣੀ ਨੂੰ ਸਾਂਭਨ ਲਈ ਖੇਅਲਾਂ ਆਦਿ ਬਣਾਉਂਦਾ ਸੀ। ਜਦ ਕੰਮ ਘਟ ਜਾਂਦਾ ਤਾਂ ਉਹ ਸਧਾਰਨ ਘਰਾਂ ਦੇ ਬੂਹੇ ਬਾਰੀਆਂ ਮੁਰੰਮਤ ਕਰ ਦਿੰਦਾ ਜਾਂ ਅੱਤੜ ਜੋੜੀਆਂ ਤੇ ਰੰਦਾ ਫੇਰ ਕੇ ਲਗਦੀਆਂ ਕਰ ਦਿੰਦਾ ਸੀ। ਇਸ ਕਰਕੇ ਉਸਨੂੰ ਪਿੰਡ ਵਿੱਚ ਰਾਜ ਮਿਸਤਰੀ ਕਹਿੰਦੇ ਸਨ। ਸਧਾਰਨ ਇੱਟਾਂ ਵਾਲੀ ਤੇਸੀ, ਲੱਕੜੀ ਦਾ ਗਜ ਕਰੰਡੀ, ਰੰਦਾ,ਆਰੀ ਅਤੇ ਹਥੌੜੀ ਨਾਲ ਜਵਾਨੀ ਤੋਂ ਹੀ ਕੰਮ ਕਰਦੇ ਹੋਣ ਕਰਕੇ ਉਸ ਦੀਆਂ ਹੱਥਾਂ ਦੀਆਂ ਹਥੇਲੀਆਂ ਵੀ ਅੱਟਣ ਪੈ ਕੇ ਪੱਥਰ ਵਾਂਗ ਸਖਤ ਹੋ ਗਈਆਂ ਸਨ।ਲਗਾਤਾਰ ਕੰਮ ਉਸਨੂੰ ਨਹੀ ਸੀ ਮਿਲਦਾ ਉਸਾਰੀ ਦੇ ਨਾਲ ਲੱਕੜ ਦਾ ਕੰਮ ਉਸ ਦੇ ਦੋ ਤਿੰਨ ਮਰਲੇ ਦੇ ਛੱਤੇ ਹੋਏ ਕਰਖਾਨੇ ਵਿੱਚ ਚਲਦਾ ਰਹਿੰਦਾ ਸੀ ਜਿਸ ਨਾਲ ਉਹ ਵਿਤੋਂ ਵੱਧ ਕੰਮ ਕਰਕੇ ਮਹਿੰਗਾਈ ਦੇ ਦੌਰ ਵਿੱਚ ਠਹੀਆ ਠੱਪਾ ਕਰਕੇ ਗੁਜਾਰਾ ਕਰੀ ਜਾ ਰਿਹਾ ਸੀ।

ਉਸਦੇ ਇਸ ਕਰਖਾਨੇ ਵਿੱਚ ਕੰਮ ਕਾਰ ਲਈ ਆਏ ਬੰਦੇ ਜਾਂ ਲੋੜ ਖਾਤਰ ਦਾਤੀ, ਰੰਬਾ, ਕਸਿਆ, ਕਹੀ ਆਦਿ ਖਰੀਦਣ ਆਏ ਬੰਦੇ ਪਿੰਡ ਦੀਆਂ, ਸਿਆਸਤ ਦੀਆਂ, ਨੌਜਵਾਨਾਂ ਦੇ ਆਪ ਮੁਹਾਰੇ ਹੋਣ, ਡੱਕਾ ਦੂਹਰਾ ਨਾਂ ਕਰਨ ਤੇ ਗੱਲਾਂ ਕਰਦੇ। ਇੰਜ ਇਹ ਨਿੱਕਾ ਜੇਹਾ ਕਰਖਾਨਾ ਰਾਜ ਮਿਸਤਰੀ ਲਈ ਪਿੰਡ ਦੀ ਸੱਥ ਬਣ ਜਾਂਦੀ ਸੀ।ਉਹ ਕੰਮ ਵੀ ਕਰਦਾ ਜਾਂਦਾ,ਗੱਲਾਂ ਵੀ ਸੁਣਦਾ ਤੇ ਹੁੰਗਾਰਾ ਵੀ ਭਰਦਾ ਤੇ ਆਪਣਾ ਮਸ਼ਵਰਾ ਵੀ ਦਿੰਦਾ।ਇੰਜ ਚੜਦੇ ਲਹਿੰਦੇ ਪਰਛਾਵਿਆਂ ਦਾ ਪਤਾ ਹੀ ਨਾਂ ਲਗਦਾ। ਸੂਰਜ ਛਿਪਣ ਤੋਂ ਬਾਅਦ, ਕੰਮ ਨਿਬੇੜ ਕੇ ਉਹ ਆਪਣੇ ਸੰਦਾ ਨੂੰ ਬੜੇ ਸਲੀਕੇ ਨਾਲ ਸਾਂਭ ਕੇ ਕਰਖਾਨੇ ਨੂੰ ਜਿੰਦਰਾ ਮਾਰਕੇ ਘਰ ਚਲਾ ਜਾਂਦਾ।

ਪਿੰਡ ਦੀ ਵੇਹਲੜ ਨਸ਼ੇੜੀ ਮਡੀਰ ਨੂੰ ਰਾਜ ਮਿਸਤਰੀ ਦੇ ਕਰਖਾਨਾ ਬੰਦ ਕਰਕੇ ਜਾਣ ਦੇ ਸਮੇਂ ਦਾ ਪਤਾ ਸੀ।ਰਾਤ ਦੇ ਹਨੇਰੇ ਵਿੱਚ ਚਾਰ ਪੰਜ ਚੇਹਰੇ ਜੋ ਹਨੇਰੇ ਵਿੱਚ ਡੁੱਬੇ ਹੋਏ ਸਲੇਟੀ ਰੰਗ ਦੇ ਲੱਗ ਰਹੇ ਸਨ ਕਰਖਾਨੇ ਵੱਲ ਵਧੇ।ਉਹਨਾਂ ਚੋ ਇੱਕ ਨੇ ਸਲਾਹ ਦਿੱਤੀ ਅਤੇ ਬੋਲਿਆ "ਚਲੋ ਓਏ ਅੱਜ ਕੰਧ ਟੱਪਕੇ ਜਾਂ ਕਰਖਾਨੇ ਦਾ ਜਿੰਦਾ ਤੋੜ ਕੇ ਮਿਸਤਰੀ ਦੇ ਕਬਾੜ 'ਚ ਪਿਆ ਲੋਹਾ ਵੇਚਕੇ ਕੱਲ ਦੇ ਤਰਾਰੇ ਬੰਨਣ ਲਈ ਬੰਦੋਬਾਸਤ ਕਰੀਏ ਜੇ ਦਸ ਬਾਰਾ ਕਿਲੋ ਲੋਹਾ ਮਿਲ ਗਿਆ ਤਾਂ ਤਿੰਨ ਚਾਰ ਸੌ ਵੱਟ ਤੇ ਪਿਆ ਹੈ।""ਠੀਕ ਐ ਯਾਰ ਕਈ ਦਿਨਾਂ ਤੋਂ ਨਸ਼ੇ ਦੀ ਤੋਟ ਪੂਰੀ ਨਹੀ ਹੁੰਦੀ।ਪਹਿਲੋ ਅਮਲੀ ਨਲਕਿਆਂ ਦੀਆਂ ਹੱਥੀਆਂ ਤੇ ਫੇਰ ਟੂਟੀਆਂ ਵੇਚ ਕੇ ਹੱਥ ਮਾਰ ਲੈਂਦੇ ਸੀ। ਹੁਣ ਤਾਂ ਡਰੇਨਾਂ ਦੇ ਪੁਲਾਂ ਦੀਆਂ ਗਰਿੱਲਾਂ ਵੀ ਨਹੀ ਰਹੀਆਂ"ਦੂਜੇ ਨੇ ਕਿਹਾ। ਜਦ ਉਹ ਰਾਜ ਦੇ ਕਾਰਖਾਨੇ ਕੋਲ ਗਏ ਤਾਂ ਇੰਜ ਲੱਗਾ ਜਿਵੇਂ ਕਈ ਜਣੇ ਗੱਲਾਂ ਕਰ ਰਹੇ ਹੋਣ।ਕਰਖਾਨੇ ਅੰਦਰੋਂ ਅਵਾਜ ਆਈ "ਇੱਕ ਨੇ ਪੁੱਛਿਆ ਕਿਉਂ ਜਾਗਦੇ ?"

"ਹਾਂ ਜਾਗਦੇਂ ਸਾਰਾ ਦਿਨ ਆਪਣੀ ਤਾਂ ਚਲੋ ਚੱਲ ਐ ਕਦੇ ਫੱਟਾ ਚੀਰਤਾ ਕਦੇ ਮੇਖ ਗੱਡਤੀ, ਕਦੇ ਇੱਟਾਂ ਭੰਨਤੀਆਂ, ਤਿੰਨ ਚਾਰ ਅਵਾਜਾਂ ਇਕੱਠੀਆਂ ਆਈਆਂ।

"ਯਾਰ ਅੱਜ ਤਾਂ ਇੰਜ ਲੱਗਦੈ ਜਿਵੇਂ ਕਰਖਾਨੇ ਅੰਦਰ ਦੋ ਤਿੰਨ ਬੰਦੇ ਪਏ ਐ ਗੱਲਾਂ ਕਰੀ ਜਾਂਦੇ ਐ"ਇੱਕ ਮੁੰਡੇ ਨੇ ਕਿਹਾ "ਪਰ ਯਾਰ ਬਾਹਰੋਂ ਤਾਂ ਜਿੰਦਾ ਲੱਗਿਆ ਹੋਇਆ ਹੈ ਇਹ ਕਿਵੇਂ ਹੋ ਸਕਦੈ ? ਦੂਜੇ ਨੇ ਕਿਹਾ "ਖਬਰੇ ਕਰਖਾਨੇ ਦੇ ਅੰਦਰਲੇ ਬਾਰ 'ਚ ਜੋ ਮਰਲਾ ਕੁ ਖਾਲੀ ਥਾਂ ਪਿਆ ਹੈ ਉਥੇ ਬੰਦੇ ਪਏ ਹੋਣ ਤੇ ਰਾਜ ਮਿਸਤਰੀ ਅੰਦਰਲੇ ਘਰ ਚਲਾ ਗਿਆ ਹੋਵੇ।"ਕੰਬਲੀ ਦੀ ਬੁੱਕਲ ਮਾਰੀ ਖੜੇ ਤੀਜੇ ਨੇ ਕਿਹਾ"।

"ਓਏ ਦਿਲ ਨਾਂ ਛੱਡੋ ਜੇ ਏਥੋ ਕੁਝ ਨਹੀ ਮਿਲਿਆ ਤਾਂ ਮੈਂ ਤੁਹਾਨੂੰ ਅਜਿਹੀ ਥਾਂ ਤੇ ਲੈ ਕੇ ਜਾਊ ਜਿਥੇ ਦੋ ਦਿਨ ਤਾਂ ਕੀ ਸਾਲ ਦਾ ਇੰਤਜਾਮ ਹੋਜੂ "ਇੱਕ ਨੇ ਕਿਹਾ "ਉਹ ਕਿਵੇਂ ? ਤੇਰੇ ਹੱਥ ਕੀ ਕਾਰੂ ਦਾ ਖਜਾਨਾ ਲੱਗਜੂ" ਦੂਜੇ ਨੇ ਕਿਹਾ।"ਯਾਰ ਕੱਲ ਨੂੰ ਏਥੋਂ ਹਜਾਰਾਂ ਲੋਕਾਂ ਦਾ ਇਕੱਠ ਲੰਘਣੈ,ਉਹਨਾਂ ਦੀਆਂ ਅੱਖਾਂ ਬੰਦ ਤੇ ਹੱਥ ਜੁੜੇ ਹੋਏ ਹੋਣਗੇ।ਉਹਨਾਂ ਵਿੱਚ ਵੜਕੇ ਹੱਥ ਮਾਰ ਲਵਾਂਗੇ ਤੇ ਹਜਾਰਾ ਰੁਪਏ ਇਕੱਠੇ ਕਰ ਲਵਾਂਗੇ ਯਾਰ ਅੰਨੀ ਸ਼ਰਧਾ ਅਰਧ ਬੇਹੋਸ਼ੀ ਵਰਗੀ ਹੁੰਦੀ ਐ"

ਉਸ ਕਿਹਾ, ਆਹ ਤਾਂ ਯਾਰ ਕਮਾਲ ਦੀ ਜੁਗਤ ਐ" ਤੀਜੇ ਨੇ ਕੰਬਲੀ ਦੀ ਬੁੱਕਲ ਕਸਦਿਆਂ ਕਿਹਾ, ਹੁਣ ਰਾਜੇ ਦੇ ਕਾਰਖਾਨੇ ਚੋ ਅਵਾਜ਼ਾਂ ਸੁਣਕੇ ਉਹ ਖਾਲੀ ਹੱਥ ਵਾਪਸ ਪਰਤਣਾ ਉਹਨਾਂ ਨੂੰ ਭੁੱਲ ਗਿਆ।ਅੰਦਰੋਂ ਅਵਾਜ਼ਾਂ ਅਜੇ ਵੀ ਆ ਰਹੀਆਂ ਸਨ। ਤਖਤਿਆਂ ਦੀਆਂ ਝੀਤਾਂ ਵਿੱਚੋ ਦੀ ਤੇਜ਼ ਰੋਸ਼ਨੀ ਅਸਮਾਨ 'ਚ ਚੱਲੀ ਆਤਿਸ਼ਬਾਜੀ ਦੀ ਤੇਜ ਰੋਸ਼ਨੀ ਵਾਂਗ ਸੰਦਾਂ ਤੇ ਪਈ।

"ਲਗਦੈ ਬੱਦਲ ਆ ਗਿਐ ਜੋ ਲਿਸ਼ਕ ਰਿਹਾ ਹੈ" ਤੇਸੀ ਨੇ ਕਿਹਾ।

"ਜੇ ਬੱਦਲ ਹੁੰਦਾ ਤਾਂ ਹੁਣ ਨੂੰ ਗਰਜਣ ਦੀ ਅਵਾਜ ਵੀ ਆਉਣੀ ਸੀ' ਕੋਲ ਪਏ ਹਥੌੜੇ ਨੇ ਕਿਹਾ।

"ਓ ਭੋਲਿਓ ਮੈਂ ਰਾਜ ਮਿਸਤਰੀ ਦੇ ਦਾਦਿਆਂ ਲਕੜਦਾਦਿਆਂ ਤੋਂ ਇਹਨਾਂ ਦੀ ਕਿਰਤ ਦਾ ਪੁਰਾਣਾ ਸਾਥੀ ਹਾਂ।ਇਹ ਬਿਜਲੀ ਦੇ ਲਿਸ਼ਕਣ ਜਾਂ ਆਤਿਸ਼ਬਾਜੀ ਦੀ ਰੋਸ਼ਨੀ ਨਹੀ"ਮਚਾਕ ਨੇ ਕਿਹਾ।

"ਫੇਰ ਹੋਰ ਕੀ ਐ ? ਛੈਣੀ ਨੇ ਪੁੱਛਿਆ "ਪਿੰਡ ਦੀ ਸੜਕ ਤੋਂ ਦੀ ਬਾਬਾ ਨਾਨਕ ਦੀ ਯਾਦ ਵਿੱਚ ਗੁਆਂਢੀ ਮੁਲਕ ਚੋਂ ਆਇਆ ਨਗਰ ਕੀਰਤਨ ਲੰਘਣੈਂ ਤੇ ਪੜਾਓ ਕਰਨਾ ਹੈ ਉਸਦੇ ਸੁਆਗਤ ਲਈ ਸਰਕਾਰ ਨੇ ਆਤਸ਼ਬਾਜ ਭੇਜੇ ਐ ਉਹਨਾਂ ਕੁਝ ਕੀਤਾ ਹੋਊ" ਮਚਾਕ ਨੇ ਜਵਾਬ ਦਿੱਤਾ।

"ਲਓ ਸੁਣ ਲੋ ਜਵਾਬ ਐਨੀ ਉਮਰ 'ਚ ਮਚਾਕ ਬਾਬੇ ਦਾ ਦਿਮਾਗ ਹਿੱਲ ਗਿਐ ਇਹ ਤਾਂ ਉਹ ਗੱਲ ਹੋਈ ਅਖੇ ਮਰਿਆ ਨਹੀ ਆਕੜਿਆ ਐਂ" ਰੰਦੇ ਨੇ ਮਜ਼ਾਕ ਉਡਾਇਆ।

"ਓ ਭਲਿਓ ਤੁਸੀ ਸਮਝੇ ਨਹੀ ਸਰਕਾਰ ਦੇ ਆਤਸ਼ਬਾਜ ਤੋਂ ਮੇਰਾ ਭਾਵ ਹੈ ਕਿ ਸਰਕਾਰ ਨੇ ਕਿਸੇ ਮਸ਼ੀਨ ਨਾਲ ਕਿਰਨਾਂ (ਲੇਜਰ) ਰਾਹੀ ਅਸਮਾਨ ਵਿੱਚ ਬਾਬਾ ਨਾਨਕ ਦੇ ਕੁਝ ਚਿਤਰ ਦਿਖਾਉਣੇ ਹਨ ਉਹ ਵੀ ਸਿਨਮੇਂ ਵਾਂਗ ਬਾਬਾ ਨਾਨਕ ਦੇ ਕੁਝ ਚਿੱਤਰ ਹੋਣੇ ਹਨ ਅਤੇ ਹੇਠਾਂ ਸਿਨਮੇਂ ਵਾਂਗ ਮਸ਼ੀਨ ਵਿੱਚ ਭਰੀ ਅਵਾਜ਼ ਗੁਰਬਾਣੀ ਦਾ ਜਾਪ ਕਰੇਗੀ ਤੇ ਦ੍ਰਿਸ਼ਾ ਦੀ ਵਿਆਖਿਆ ਕਰੇਗੀ।ਇਹ ਰੋਸ਼ਨੀ ਉਹਨਾਂ ਕਿਰਨਾ ਦੀ ਹੋਵੇਗੀ।ਇਹ ਸਭ ਸ਼ਰਧਾ ਦੇ ਮੁਫਤ ਦੇ ਪੈਸੇ ਦੇ ਦਿਖਾਵੇ ਦਾ ਪਖੰਡ ਹੈ।" ਮਚਾਕ ਨੇ ਸਾਰਿਆਂ ਨੂੰ ਸਮਝਾਇਆ।

"ਹਾਂ ਬਾਬਾ ਤੇਰੀ ਗੱਲ ਠੀਕ ਐ,ਭਾਵੇਂ ਮੈ ਤੇਰੇ ਨਾਲੋਂ ਉਮਰ ਵਿੱਚ ਛੋਟਾ ਹਾਂ ਪਰ ਤੇਰੀ ਗੱਲ ਵਿੱਚ ਦਮ ਹੈ ਪਰ ਇੱਕ ਗੱਲ ਤੇ ਮੈਨੂੰ ਹੈਰਾਨੀ ਹੈ ਕੀ ਹੁਣ ਲੋਕ ਅਸਮਾਨ ਵੱਲ ਮੂੰਹ ਚੱਕ ਕੇ ਬਾਬਾ ਨਾਨਕ ਨੂੰ ਅਸਮਾਨ ਚੋ ਲੱਭਣਗੇ ? ਹਥੌੜੇ ਨੇ ਕਿਹਾ।

"ਲੋਕਾਂ ਦੀ ਅਕਲ ਤੇ ਪਿਆ ਪਰਦਾ ਤਾਂ ਏਹੀ ਸਿੱਧ ਕਰਦਾ ਹੈ।ਲੋਕ ਪੈਰਾਂ ਵੱਲ ਧਰਤੀ ਨੂੰ ਨਹੀ ਦੇਖਦੇ ਸਗੋਂ ਅਸਮਾਨ ਵੱਲ ਮੂੰਹ ਕਰਕੇ ਸੂਰਜ ਗ੍ਰਹਿਣ, ਚੰਦਰਮਾਂ ਤੋਂ ਚਰਖਾ ਕੱਤਦੀ ਮਾਈ ਦੇਖਦੇ ਹਨ। ਪੰਡਤ ਤੋਂ ਕਰੂਏ ਦੇ ਵਰਤਾਂ ਤੇ ਬਾਤ ਸੁਣਕੇ ਜੱਗ ਜਨਣੀ ਵੀ ਚੰਦਰਮਾਂ ਵੱਲ ਦੇਖਕੇ ਅਰਗ ਦਿੰਦੀ ਹੈ। ਪੰਡਤਾਂ ਦੇ ਸਰਾਧਾਂ ਦੇ ਨਾਲ ਹੀ ਨੌ ਨਵਰਾਤਰੇ ਦੁਸਹਿਰਾ ਤੇ ਕਰੂਏ ਦੇ ਵਰਤਾਂ ਦਾ ਵਰਤਾਰਾ ਚਲਦਾ ਆ ਰਿਹਾ ਹੈ ਜਦ ਕਿ ਮੌਤ ਤਾਂ ਚੰਦਰਮਾਂ ਜਾਂ ਸੂਰਜ ਦੀ ਰੋਸ਼ਨੀ ਨਾਲ ਮਨੁੱਖ ਦੀ ਦੇਹ ਨਾਲ ਬਣੇ ਕਾਲੇ ਪਰਛਾਵੇਂ ਵਾਂਗ ਨਾਲ ਨਾਲ ਤੁਰਦੀ ਹੈ। ਕਦੇ ਅੱਗੇ, ਕਦੇ ਬਰਾਬਰ ਤੇ ਕਦੇ ਪਿੱਛੇ ਹੋ ਕੇ ਲੁਕਣਮੀਚੀ ਖੇਡਦੀ ਹੈ ? ਮਚਾਕ ਨੇ ਕਿਹਾ।

"ਬਾਬਾ ਗੱਲ ਤਾਂ ਤੇਰੀ ਠੀਕ ਐ ਪਰ ਬਾਬਾ ਨਾਨਕ ਤਾਂ ਆਪਣਾ ਸੀ।ਆਪਣੀ ਕਿਰਤ ਲਈ ਕੀਤੀ ਵਰਤੋਂ ਚੋ ਪੈਦਾ ਹੋਈ ਕੋਧਰੇ ਦੀ ਰੋਟੀ ਨੂੰ ਸੱਚ ਦੀ ਰੋਟੀ ਦਾ ਨਾਂ ਦਿੱਤਾ ਸੀ।ਕੀ ਬਾਬਾ ਨਾਨਕ ਆਪਣੇ ਨਾਲ ਰੁੱਸ ਗਿਆ ਹੈ ? ਗਲਤੀ ਤਾਂ ਬੰਦਾ ਕਰਦਾ ਹੈ ਆਪਾਂ ਬੇਜੁਬਾਨਾਂ ਨੇ ਕੀ ਗਲਤੀ ਕਰਤੀ' ? ਤੇਸੀ ਨੇ ਕਿਹਾ।

ਗੱਲ ਤਾਂ ਤੇਰੀ ਠੀਕ ਹੈ। ਆਪਾਂ ਗਲਤੀ ਕੋਈ ਨਹੀ ਕੀਤੀ ਬੰਦਾ ਹੀ ਲਾਲਚੀ ਹੋ ਗਿਆ ਹੈ ਹੁਣ ਗੁਰੂ ਦੀ ਗੋਲਕ ਗਰੀਬਾਂ ਦਾ ਮੂੰਹ ਨਹੀ ਸਗੋਂ ਮਲਕ ਭਾਗੋਆਂ ਦੇ ਢਿੱਡਾਂ ਵਿੱਚ ਚਲੀ ਗਈ ਹੈ। ਗੋਲਕ ਦਾ ਮਾਲਕ ਇੱਕ ਪਾਰਟੀ ਦਾ ਵੱਖਰਾ ਕਰੋ। ਜੇਬ ਚੋਂ ਨਿਕਲਦੇ ਹਨ ਜੋ ਧਨ ਕੁਬੇਰ ਹਨ ਤੇ ਇੱਕ ਮੁਲਾਜਮ ਨੂੰ ਕਾਰਾਂ ਕੋਠੀਆਂ ਤੇ ਲੱਖਾਂ ਦੀ ਤਨਖਾਹ ਦਿੰਦੇ ਹਨ" ਗਜ਼ ਨੇ ਗੁਜ ਵਰਗੀ ਗੱਲ ਕਰਦਿਆਂ ਕਿਹਾ।

"ਆਪਾਂ ਸਾਰੇ ਇਕੋ ਕੰਮ ਹੀ ਕਰ ਸਕਦੇ ਹਾਂ ਜਿਵੇਂ ਰੰਦਾ ਤੇ ਤੇਸਾ ਸਿਰਫ ਲੱਕੜ ਨੂੰ ਤਰਾਸ਼ ਸਕਦਾ ਹੈ ਲੋਹੇ ਨੂੰ ਨਹੀ। ਛੈਣੀ ਸਿਰਫ ਲੋਹੇ ਨੂੰ ਕੱਟ ਸਕਦੀ ਹੈ, ਲੱਕੜ ਨੂੰ ਨਹੀ।ਪਰ ਮਨੁੱਖ ਬੜਾ ਸ਼ਾਤਰ ਹੈ ਪਹਿਲਾਂ ਉਸਨੇ ਸਾਨੂੰ ਧਰਤੀ ਚੋ ਕੱਢਿਆ ਫੇਰ ਅਹਿਰਨ ਨਾਲੋਂ ਵੀ ਵੱਧ ਤਾਅ ਦੇ ਕੇ ਸਾਨੂੰ ਪਿਘਲਾਕੇ ਵੱਖ-ਵੱਖ ਅਕਾਰ ਦਿੱਤੇ।ਫਿਰ ਸਾਡੇ ਚੋ ਆਰੀ ਨਾਲ ਦਰਖਤਾਂ ਦਾ ਘਾਣ ਕਰਕੇ ਉਹਨਾਂ ਦੇ ਸੁੱਕੇ ਹੱਡਾਂ ਦੇ ਦਸਤੇ ਬਣਾਕੇ ਆਪਣੇ ਲਈ ਵਰਤਿਆ। ਹੁਣ ਧਰਮ ਨੂੰ ਵੀ ਵਰਤ ਰਿਹਾ ਹੈ। ਬਾਬਾ ਨਾਨਕ ਨੂੰ ਸਾਡੇ ਕੋਲੋਂ ਖੋਹ ਕੇ ਸੰਗਮਰਮਰੀ ਧਾਰਮਿਕ ਸਥਾਨਾ ਤੱਕ ਸੀਮਤ ਕਰਨ ਦੇ ਝੂਠ ਨੂੰ ਸੱਚ ਬਣਾ ਕੇ ਲੋਕਾਂ ਦੇ ਦਿਮਾਗ 'ਚ ਪਾ ਦਿੱਤਾ ਹੈ।ਬਾਬਾ ਨਾਨਕ ਤਾਂ ਸੱਚੀ ਕਿਰਤ ਵਿਚ ਵਸਦਾ ਹੈ ਤੇ ਹੁਣ ਬਾਬੇ ਨਾਨਕ ਦੇ ਦਿਹਾੜੇ ਤੇ ਧੁੰਦ ਦੇ ਬੱਦਲਾਂ ਚੋ ਮੀਹ ਲੱਭਣ ਵਾਂਗ ਆਹ ਤੇਜ਼ ਕਿਰਨਾਂ ਚੋ ਮੂੰਹ ਚੁੱਕ ਕੇ ਅਸਮਾਨ ਚੋ ਲੱਭਣ ਦੀ ਕੋਸ਼ਿਸ਼ ਕਰ ਰਿਹਾ।ਬਾਬਾ ਨਾਨਕ ਕੋਲ ਵੀ ਤਾਂ ਮਨੁੱਖੀ ਦੇਹੀ ਸੀ। ਬਾਬਾ ਨਾਨਕ ਤਾਂ ਕਸਤੂਰੀ ਵਾਂਗ ਮਨੁੱਖ ਦੇ ਅੰਦਰ ਹੈ ਤੇ ਮਨੁੱਖ ਇਹਨਾਂ ਦਿਖਾਵਿਆਂ 'ਚ ਭਟਕ ਰਿਹਾ ਹੈ।ਉਹ ਖੁਦ ਬਾਬਾ ਨਾਨਕ ਵਰਗਾ ਕਿਉਂ ਨਹੀ ਬਣਦਾ।ਇਹ ਮਨੁੱਖ ਤਾਂ ਬਾਬਾ ਨਾਨਕ ਨੂੰ ਕੌਤਕੀ ਤੇ ਜਾਦੂਗਰ ਸਿੱਧ ਸਿੱਧ ਕਰਨ ਤੇ ਲੱਗਾ ਹੋਇਆ ਹੈ ਜੇ ਉਹ ਅਜਿਹੇ ਹੁੰਦੇ ਤਾਂ ਉਦਾਸੀਆਂ ਕਰਦੇ ਸਮੇ ਸਫਰਾਂ ਦੇ ਕਸ਼ੌਟੇ ਕਿਉਂ ਕੱਟਦੇ" ।ਹਥੌੜੀ ਨੇ ਕਿਹਾ।ਉਸ ਸਾਹ ਲੈ ਅੱਗੇ ਕਿਹਾ

"ਜਦਕਿ ਆਪਾਂ ਤਾਂ ਓਹੀ ਸੰਦ ਹਾਂ ਓਹੀ ਕੰਮ ਕਰ ਰਹੇ ਹਾਂ।ਜਿਵੇਂ ਚੰਦਰਮਾਂ ਚੋ ਚਰਖਾ ਕੱਤਦੀ ਮਾਈ ਨਹੀ ਆਈ ਤੇ ਨਾਂ ਹੀ ਅਜਿਹੇ ਵਰਤਾਰੇ ਚੋ ਵੀਹ ਸਾਲ ਪਹਿਲਾ ਖਾਲਸਾ ਪੰਥ ਦੀ ਸਾਜਣਾ ਦੀ ਵਰੇ ਗੰਢ ਤੇ ਜਬਰ ਜੁਲਮ ਖਿਲਾਫ ਲੜਨ ਲਈ ਮਨੁੱਖ ਦੇ ਹੱਥ 'ਚ ਭਗੌਤੀ ਆਈ।ਉਸ ਸਮੇਂ ਵੀ ਸ਼ਾਤਰ ਮਨੁੱਖਾਂ ਨੇ ਅਜਿਹੇ ਤਮਾਸ਼ੇ ਕਰਕੇ ਮਾਇਆ ਇਕੱਠੀ ਕੀਤੀ ਸੀ ਤੇ ਹੁਣ ਵੀ ਆਪਣੇ ਬਾਬੇ ਨਾਨਕ ਦੀ ਸੋਚ ਨੂੰ ਕੱਚ ਦੀਆਂ ਕੰਧਾਂ 'ਚ ਕੈਦ ਕਰਕੇ ਉਸਦਾ ਦਿਖਾਵਾ ਕਰਕੇ ਮਾਇਆ ਦੇ ਅੰਬਾਰ ਇਕੱਠੀ ਕਰ ਰਿਹਾ ਹੈ। ਇਹ ਬਾਣੀ ਵੇਚਣ ਵਾਲਿਆਂ ਦੀ ਗੋਲਕ ਯਾਤਰਾ ਹੈ ਜਿੰਨਾਂ ਜੇਬ ਕਤਰੇ ਦੀ ਚਲਾਕੀ ਵਾਂਗ ਸ਼ਰਧਾ ਦੇ ਰੂਪ 'ਚ ਅਰਬਾਂ ਰੁਪਏ ਇੰਜ ਇਕੱਠੇ ਕਰ ਲੈਣੇ ਹਨ ਜਿਵੇਂ ਚੋਰ ਰਾਤ ਨੂੰ ਅੱਜ ਦੇ ਭਾਈ ਲਾਲੋ ਦੇ ਖੇਤੋਂ ਪੱਠੇ ਵੱਢਕੇ ਲੈ ਜਾਂਦੇ ਹਨ।ਕਰੋੜਾਂ ਦੇ ਟੈਂਟ ਲਗਾਕੇ ਮਲਕ ਭਾਗੋ ਦੇ ਪਕਵਾਨ ਪੀਜ਼ਾ,ਬਰਗਰ ਵੀ ਅੱਜ ਦੇ ਲੰਗਰ ਦੇ ਪਕਵਾਨ 'ਚ ਸ਼ਾਮਲ ਹੋ ਗਏ ਹਨ ਤੇ ਜੀਭ ਦੇ ਸੁਆਦ ਦੀ ਪੱਟੀ ਭੰਡ ਟੁੱਟ ਕੇ ਖਾ ਰਹੀ ਹੈ।ਮਨੁੱਖ ਇਹ ਭੁੱਲ ਗਿਆ ਹੈ ਕਿ ਕੱਚ ਝੂਠ ਐ, ਕੂੜ ਐ ਇਹ ਕੱਚ ਜਿਸ ਦਿਨ ਟੁੱਟ ਜਾਵੇਗਾ ਉਸ ਦਿਨ ਡੋਡੀ ਦੀ ਕੈਦ 'ਚ ਫੁੱਲ ਦੀ ਮਹਿਕ ਵਾਂਗ ਸੱਚ ਦੇ ਵਰਤਾਰੇ ਦੀ ਮਹਿਕ ਆਵੇਗੀ।ਹਰ ਮਨੁੱਖ ਆਪਣੇ ਅੰਦਰੋਂ ਬਾਬਾ ਨਾਨਕ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਲੱਭ ਲਵੇਗਾ"।ਅਹੁੰ..ਅਹੁੰ ਅਹੁੰ ਮਚਾਕ ਨੂੰ ਖੰਘ ਛਿੜ ਪਈ ਸੀ।ਜਿਵੇਂ ਉਹ ਗੱਲ ਕਰਕੇ ਹਫ ਗਿਆ ਹੋਵੇ।

"ਕੀ ਗੱਲ ਬਾਬਾ ਅਹੁੱਥੂ ਆ ਗਿਆ ? ਪਾਣੀ ਲਿਆਵਾਂ" ? ਤੇਸੀ ਨੇ ਕਿਹਾ।

"ਨਹੀ ਧੀਏ ! ਆਹ ਦੇਖ ਨਾ ਮਨੁੱਖ ਤਾਂ ਬਾਬਾ ਨਾਨਕ ਦਾ ਵੈਰੀ ਹੋ ਗਿਆ ਹੈ। ਬਲਿਹਾਰੀ ਕੁਦਰਤ ਵਸਿਆ ਦੀ ਉਪਜ ਸਾਰੇ ਫੁੱਲ ਰੇਤੇ 'ਚ ਖਿਲਾਰ ਦਿੱਤੇ ਹਨ ਧਾਗਿਆ 'ਚ ਪਰੋ ਕਿ ਲਾਸ਼ਾ ਬਣਾਕੇ ਟੰਗ ਦਿੱਤੇ, ਖੇਤਾਂ ਵਿਚੋ ਕੱਚੇ ਤੇ ਕੌੜੇ ਧੂੰਏ ਦੇ ਗੁਬਾਰ ਉਠ ਰਹੇ ਐ ਪਰ ਬੰਦਾ ਫਿਰ ਵੀ ਗਾਈ ਜਾ ਰਿਹੈ ਕਿ "ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਦ ਜਗ ਚਾਨਣ ਹੋਆ।ਹੁਣ ਤਾਂ ਦਿਨੇ ਵੀ ਰਾਤ ਪਈ ਹੋਈ ਹੈ ਜੋ ਮਨੁੱਖ ਦੀ ਅਕਲ ਤੇ ਵੀ ਪਈ ਹੋਈ ਐ।ਸ਼ਾਤਰ ਮਨੁੱਖ ਖੁਦ ਵੀ ਤੜਫ ਰਿਹੈ ਤੇ ਦੂਸਰਿਆਂ ਨੂੰ ਵੀ ਤੜਫਾ ਰਿਹਾ ਹੈ ਤੇ ਫਿਰ ਵੀ ਇਸਨੂੰ ਤਰੱਕੀ ਤੇ ਵਿਕਾਸ ਕਹਿ ਰਿਹਾ ਹੈ"।ਮਚਾਕ ਨੇ ਆਪਣੇ ਸਾਹਾਂ ਦੀ ਡੋਰ ਨੂੰ ਸੰਭਾਲਦਿਆ ਕਿਹਾ।

"ਭਾਈ ਸਾਹਿਬ ਮੈਂ ਵੀ ਤੇਰੇ ਵਾਂਗ ਭਾਈ ਲਾਲੋ ਦਾ ਸਾਥੀ ਰਿਹਾ ਹਾਂ। ਮਰਦਾਨੇ ਦੀ ਰਬਾਬ ਵੀ ਲੱਕੜੀ ਤੇ ਲੋਹੇ ਦੀਆਂ ਬਰੀਕ ਆਂਦਰਾਂ ਦੀ ਬਣੀ ਹੋਈ ਸੀ ਜੋ ਮਰਦਾਨੇ ਦੇ ਹੱਥ ਵਿੱਚ ਸੀ।ਅੱਜ ਬਾਬਾ ਨਾਨਕ ਨਾਲੋਂ ਮਰਦਾਨਾ ਵੱਖ ਕਿਉਂ ਕਰਤਾ ।ਉਹ ਤਾਂ ਗੁਰੂ ਦੀਆਂ ਲੰਬੀਆਂ ਵਾਟਾਂ ਦਾ ਸਾਥੀ ਸੀ। ਇੱਕ ਪਾਸੇ ਸੜਕਾਂ ਕਿਨਾਰੇ ਮਨੁੱਖ ਮਲਕ ਭਾਗੋ ਵਾਲੇ ਲੰਗਰ ਲਗਾਕੇ ਗੁਰੂ ਵਾਲਾ ਅਖਵਾ ਰਿਹਾ ਹੈ ਤੇ ਕੋਈ ਹੱਥਾਂ ਵਿੱਚ ਨੋਟਾਂ ਦੀ ਕਰੰਸੀ ਭੇਟ ਕਰਕੇ ਬਾਬਾ ਨਾਨਕ ਦਾ ਭਗਤ ਹੋਣ ਦਾ ਭਰਮ ਪਾਲ ਰਿਹੈ।ਮਾਇਆ ਤਾਂ ਬਾਬਾ ਨਾਨਕ ਨੇ ਲੰਬੀਆਂ ਵਾਟਾਂ ਦਾ ਪੰਧ ਤਹਿ ਕਰਦੇ ਸਮੇਂ ਵੀ ਨਹੀ ਬੰਨੀ ਸੀ।ਹੁਣ ਇਹ ਮਾਇਆ ਕਿਸ ਕੰਮ ? ਕੀ ਬਾਬਾ ਨਾਨਕ ਦੇ ਸਮੇਂ ਵਾਂਗ ਅੱਜ ਦੀ ਰਈਅਤ ਵੀ ਗਿਆਨ ਵਿਹੂਣੀ ਹੈ ।ਜਦਕਿ ਬੰਦਾ ਦਾਅਵਾ ਕਰਦਾ ਹੈ ਉਸਨੇ ਯੂਨਵਰਸਿਟੀਆਂ ,ਕਾਲਜ ਸਕੂਲ ਆਦਿ ਖੋਲ ਲਏ ਹਨ। ਬਾਬਾ ਨਾਨਕ ਵੇਲੇ ਤਾਂ ਇਹ ਵੀ ਨਹੀ ਸਨ ਪਰ ਬਾਬਾ ਨਾਨਕ ਇਹਨਾਂ ਦੇ ਪੈਦਾ ਕੀਤੇ ਪੜਾਕੂਆਂ ਨਾਲੋਂ ਸਦੀਆਂ ਅੱਗੇ ਸੀ। ਪਰ ਇਸਦੇ ਬਾਵਜੂਦ ਐਨੇ ਅਡੰਬਰਾਂ ਦੇ ਬਾਵਜੂਦ ਵੀ ਮਨੁੱਖ ਬਾਬੇ ਨਾਲ ਧੋਖਾ ਕਰ ਰਿਹੈ।ਉਸਦੇ ਪ੍ਰਗਟ ਹੋਣ ਨੂੰ ਹਨੇਰੇ ਵਿੱਚ ਰੱਖ ਰਿਹਾ ਹੈ।ਸ਼ਾਤਰ ਮਨੁੱਖਾਂ ਵੱਲੋਂ ਬਾਬਾ ਨਾਨਕ ਤੋਂ ਬਦਲਾ ਲੈਣ ਵਾਲਿਆ ਅਨੁਸਾਰ ਚੱਲ ਰਿਹਾ ਹੈ।" ਮਚਾਕ ਨੇ ਸਦੀਆਂ ਦੇ ਇਤਿਹਾਸ ਦੇ ਪੰਨੇ ਪਲਟਦਿਆਂ ਕਿਹਾ।

ਹੈਂ ਅ ਹੈਅ ਉਹ ਕਿਵੇਂ ?" ਇਸ ਵਾਰ ਸਾਰੇ ਕਿਰਤੀ ਸੰਦ ਇਕੱਠੇ ਬੋਲੇ

"ਪੁੱਤਰੋ ਆਪਣੇ ਸਭ ਦੇ ਬਾਬਾ ਨਾਨਕ ਨੇ ਪੰਡਤਾਂ ਦੇ ਉਸ ਸਮੇਂ ਦੇ ਰਹੁ ਰੀਤਾਂ,ਮੜੀ ਮਸਾਣਾ ਦੀ ਪੂਜਾ,ਸੂਰਜ ਗ੍ਰਹਿਣ,ਸਤੀ ਪ੍ਰਥਾ ਮਰ ਚੁੱਕਿਆਂ ਦੀ ਪਿੱਤਰੀ ਪੂਜਾ ਸਰਾਧਾਂ ਦਾ, ਵਰਤਾਂ ਦਾ ,ਜਾਤ ਪਾਤ ਦਾ, ਜਾਦੂ ਟੂਣੇ ਧਾਗੇ ਤਵੀਤਾਂ, ਰਾਹੂ ਕੇਤੂ,ਮੂਰਤੀ ਪੂਜਾ, ਦੇਵੀ ਦਾਸੀ ਪ੍ਰਥਾਵਾਂ ਦਾ ਡਟਵਾਂ ਵਿਰੋਧ ਕੀਤਾ ਸੀ। ਇਹ ਕਰਮਕਾਂਡ ਹੀ ਬ੍ਰਾਹਮਣਾ ਦੀ ਬਿਨਾ ਕੰਮ ਕੀਤਿਆਂ ਮੋਟੀ ਕਮਾਈ ਤੇ ਐਸ਼ ਦੇ ਮੌਕੇ ਸਨ।ਉਹਨਾ ਸੋਚਿਆ ਕਿ ਜੇ ਸਾਰੇ ਲੋਕਾਂ ਨੇ ਇਹ ਵਹਿਮ ਛੱਡ ਦਿੱਤੇ ਤਾਂ ਉਹ ਭੁੱਖੇ ਮਰ ਜਾਣਗੇ। ਇਸ ਕਰਕੇ ਬਾਬਾ ਨਾਨਕ ਉਹਨਾਂ ਦੀਆਂ ਅੱਖਾਂ 'ਚ ਰੋੜ ਵਾਂਗ ਰੜਕਦੇ ਸਨ ਕਿ ਉਹ ਖੱਤਰੀ ਬਿਰਾਦਰੀ ਵਿੱਚ ਪੈਦਾ ਹੋ ਕੇ ਸੂਦਰਾਂ ਦਾ ਮਿੱਤਰ ਬਣ ਗਿਆ ਸੀ। ਉਹ ਸਾਰੀ ਮਨੁੱਖਤਾ ਦੀ ਬਰਾਬਰੀ ਦੀ ਗੱਲ ਕਰਦੇ ਸਨ।ਪਾੜੋ ਤੇ ਰਾਜ ਕਰੋ ਤੇ ਐਸ਼ ਕਰੋ ਹੀ ਮਨੁੱਖਤਾ ਦੇ ਦੁਸ਼ਮਣਾਂ ਦਾ ਅਧਾਰ ਸੀ। ਜਿਸਨੂੰ ਇਹ ਹੁਣ ਬਾਬਾ ਨਾਨਕ ਦੇ ਪ੍ਰਕਾਸ਼ ਉਤਸਵ ਤੇ ਰਾਜਸੀ ਸਟੇਜਾਂ ਲਾ ਕੇ ਸਿਆਸੀ ਤਜਾਰਤ ਕਰਨਗੇ।ਏਹੀ ਗੁਰੂ ਦੇ ਬੱਚਿਆਂ ਦੇ ਸ਼ਹੀਦੀ ਜੋੜ ਮੇਲੇ ਤੇ ਹੁੰਦਾ ਹੈ।ਏਹੀ ਵੈਸਾਖੀ ਵੇਲੇ ਹੁੰਦਾ ਹੈ।ਇਹ ਰਾਜਸੀ ਬੰਦਿਆਂ ਦੀ ਔਕਾਤ ਹੈ। ਪੁੱਤਰੋ ਬਾਬਾ ਨਾਨਕ ਦਾ ਜਨਮ ਵੈਸਾਖ 1469 ਨੂੰ ਹੋਇਆ ਜਿਸਨੂੰ ਅੱਜ ਦੇ ਪੜੇ ਲਿਖੇ ਮਨੁੱਖ ਬਾਬਾ ਨਾਨਕ ਦੀ ਜਨਮ ਮਿਤੀ 14 ਅਪ੍ਰੈਲ ਦਾ ਮਹੀਨਾ ਮੰਨਦੇ ਹਨ ਜਦਕਿ ਇਹੀ ਮਿਤੀ ਗੁਰੂ ਘਰ ਦੇ ਲਿਖਤੀ ਰਿਕਾਰਡ ਵਿੱਚ ਦਰਜ ਹੈ।ਇਹ ਅਖੌਤੀ ਨਾਨਕ ਨਾਮ ਲੇਵਾ ਐਨੇ ਨਿਘਰ ਗਏ ਹਨ ਕਿ ਬਾਬਾ ਨਾਨਕ ਦੀ ਅਸਲ ਜਨਮ ਮਿਤੀ ਦੱਸਣ ਤੋਂ ਵੀ ਸ਼ਰਮਾਉਂਦੇ ਹਨ।ਪਰ ਮਨਾਇਆ ਕੱਤਕ ਦੀ ਪੂਰਨਮਾਸ਼ੀ ਨੂੰ ਜਾਂਦਾ ਹੈ।ਬਾਹਮਣਵਾਦੀ ਸੋਚ ਅਨੁਸਾਰ ਕੱਤਕ ਦੀ ਪੂਰਨਮਾਸ਼ੀ ਮਨਹੂਸ ਹੈ। ਭਾਵ ਨਹਿਸ਼ ਦਿਨ ਹੈ। ਇੰਜ ਕਰਕੇ ਉਹਨਾਂ ਬਾਬੇ ਤੋਂ ਆਪਣਾ ਬਦਲਾ ਲਿਆ ਤੇ ਅੱਜ ਦਾ ਮਨੁੱਖ ਉਹਨਾਂ ਦੇ ਖੜ੍ਹੇ ਕੀਤੇ ਝੂਠ ਨੂੰ ਵੀ ਸੱਚ ਮੰਨਕੇ ਬਾਬਾ ਨਾਨਕ ਦਾ ਜਨਮ ਦਿਨ ਛੇ ਮਹੀਨੇ ਬਾਅਦ ਕੱਤਕ ਦੀ ਪੂਰਨਮਾਸ਼ੀ ਨੂੰ ਮਨਾਈ ਜਾ ਰਿਹਾ ਹੈ। ਬਾਬਾ ਨਾਨਕ ਦੇ ਫਲਸਫੇ ਤੇ ਮਹਾਨਤਾ ਨੂੰ ਕੋਈ ਫਰਕ ਨਹੀ ਪੈਂਦਾ ਪਰ ਆਪਣੇ ਆਪ ਨੂੰ ਨਾਨਕ ਨਾਮ ਲੇਵਾ ਆਦਮ ਜਾਇਆਂ ਦੀ ਸੋਚ ਘਾਹ ਚਰਨ ਗਈ ਐ।ਜੋ ਅਜੇ ਵੀ ਬਾਬਾ ਨਾਨਕ ਦੇ ਵਿਰੋਧੀਆਂ ਨਾਲ ਖੜੇ ਹੀ ਨਹੀ ਸਗੋਂ ਉਹਨਾਂ ਦੇ ਦੱਸੇ ਝੂਠਾਂ ਤੇ ਚੱਲ ਰਹੇ ਹਨ।ਉਹ ਮੜੀਆਂ ਮਸਾਣਾ ਵੀ ਪੂਜਦੇ ਹਨ, ਜਨਮ ਕੁੰਡਲੀਆਂ ਬਣਾਉਂਦੇ ਹਨ, ਹਥੌਲੇ ਕਰਵਾਉਂਦੇ ਹਨ। ਸ਼ਮਸ਼ਾਨਾ 'ਚ ਦੀਵੇ ਬਾਲਦੇ ਹਨ, ਨਗ ਰਾਸ਼ੀਆਂ ਧਾਰਨ ਕਰਦੇ ਹਨ। ਕੁੜੀਆਂ ਨੂੰ ਜੰਮਣ ਤੋਂ ਪਹਿਲਾ ਮਾਰਦੇ ਹਨ ਮਾਵਾਂ ਭੈਣਾਂ ਦੀਆਂ ਗਾਲਾ ਕੱਢਦੇ ਹਨ ਕਾਮ ਦਾ ਸ਼ਰੇਆਮ ਪ੍ਰਗਟਾਵਾ ਕਰਕੇ ਉਹਨਾਂ ਨੂੰ ਅਪਮਾਨਤ ਕਰਦੇ ਹਨ। ਇਕ ਰੱਬ ਦੀ ਥਾਂ ਬਹੁ ਡੇਰਾਵਾਦ ਨੂੰ ਪੂਜਦੇ ਹਨ ਜਾਤੀ ਨਫਰਤ ਹੀ ਨਹੀ ਕਰਦੇ ਸਗੋਂ ਜਾਤੀਆਂ ਦੇ ਸਰਟੀਫਿਕੇਟ ਵੀ ਜਾਰੀ ਕਰਦੇ ਹਨ। ਹੁਣ ਆਪਣੇ ਬਲਰਾਜ ਦੇ ਬੱਚਿਆਂ ਕੋਲ ਭਾਈ ਲਾਲੋ ਦਾ ਜਾਇਆ ਹੋਣ ਦਾ ਮਾਣ ਨਹੀ ਸਗੋਂ ਤਰਖਾਣ ਹੋਣ ਦਾ ਸਰਟੀਫਿਕੇਟ ਹੈ। ਬਾਬਾ ਨਾਨਕ ਦੇ ਇਹ ਸ਼ਰਧਾਲੂ ਮੱਸਿਆ ਪੁੰਨਿਆਂ ਨਹਾਉਂਦੇ ਹਨ। ਪੋਚਕਾਂ, ਗੰਡਮੂਲ ਵਾਲੀਆਂ ਦਕੀਆਨੂਸੀ ਰਸਮਾਂ ਨੂੰ ਜਿਊਂਦਾ ਰੱਖੀ ਬੈਠੇ ਹਨ ਤੇ ਬਾਬਾ ਨਾਨਕ ਦੀ ਸੋਚ ਦੀ ਸੰਘੀ ਨੱਪੀ ਬੈਠੇ ਹਨ ਕੀ ਇਹ ਸ਼ਾਤਰ ਮਨੁੱਖ ਦਾ ਸਾਢੇ ਪੰਜ ਸੌ ਸਾਲ ਬਾਬਾ ਨਾਨਕ ਦੇ ਨਾਲ ਚਾਲ (ਧੋਖਾ ਜਾਂ ਚਲਾਕੀ) ਨਹੀ ਕਰ ਰਿਹਾ ? ਕੀ ਹੁਣ ਦੇ ਰਾਜੇ ਵੀ ਬਾਬਾ ਨਾਨਕ ਦੀ ਦੂਰ ਅੰਦੇਸ਼ੀ ਕਾਰਨ ਸ਼ੀਹ ਤੇ ਮੁਕੱਦਮ ਕੁੱਤੇ ਨਹੀ ਹਨ ।ਕੀ ਇਹ ਸਾਰੇ ਇਸ ਅਡੰਬਰ ਦਾ ਹਿੱਸਾ ਨਹੀ ਹਨ ? ਕੀ ਕੋਈ ਆਪਣੇ ਬਲਾਰਜ ਵਰਗੇ ਲਾਲੋ ਬਾਰੇ ਸੋਚਦਾ ਹੈ ? ਪਰ ਮਲਕ ਭਾਗੋਆਂ ਦੇ ਧਨ ਵਿੱਚ ਵਾਧਾ ਹੀ ਨਹੀ ਹੋਇਆ ਸਗੋਂ ਉਹਨਾਂ ਨੇ ਮਲਕ ਭਾਗੋ ਵਾਲੇ ਪਕਵਾਨ ਪਰੋਸ ਕੇ ਬਲਰਾਜ ਦੇ ਹੱਥਾਂ ਤੇ ਮਿਰਚ ਜਾਂ ਅੰਬ ਦੇ ਅਚਾਰ ਦੇ ਸਲੂਣੇ ਦੀ ਰੋਟੀ ਵੀ ਸੱਚ ਵਿਚੋਂ ਮਰਦਾਨੇ ਵਾਂਗ ਗਾਇਬ ਕਰ ਦਿੱਤੀ ਹੈ।" ਮਚਾਕ ਨੇ ਜਿਵੇਂ ਲੋਹਾ ਯੁੱਗ ਤੋਂ ਲੈ ਕੇ ਹੁਣ ਤੱਕ ਦਾ ਇਤਿਹਾਸ ਸੁਣਾ ਦਿੱਤਾ ਹੋਵੇ।

"ਬੰਦਾ ਤਾਂ ਫਰੇਬੀ ਬਣਕੇ ਆਪਣੇ ਮਨੁੱਖ ਹੋਣ ਤੋਂ ਵੀ ਨਿੱਘਰ ਚੁੱਕਾ ਹੈ ? ਇਸ ਵਾਰ ਛੈਣੀ ਨੇ ਇਹ ਸੁਣਕੇ ਕਿਹਾ ਤੇ ਮਹਿਸੂਸ ਕੀਤਾ ਕਿ" ਐਨਾ ਲੋਹਾ ਤਾਂ ਉਸਨੇ ਵੀ ਨਹੀ ਵੱਢਿਆ ਹੋਣਾ ਜਿੰਨਾਂ ਫਰੇਬੀ ਮਨੁੱਖ ਗੁਰੂ ਵਾਲਾ ਅਖਵਾਕੇ ਵੀ ਆਪਣੇ ਗੁਰੂ ਨੂੰ ਵੱਢਣ ਤੋਂ ਸ਼ਰਮ ਨਹੀ ਖਾ ਰਿਹਾ। "ਓਹ ਕਿਵੇ ?" ਰੰਦੇ ਨੇ ਹੈਰਾਨੀ ਨਾਲ ਪੁੱਛਿਆ "ਦੇਖ ਭੈਣੇ ਬੰਦੇ ਨੇ ਬਾਬੇ ਨਾਨਕ ਦੇ ਨਾਂ ਤੇ ਵਪਾਰ ਸ਼ੁਰੂ ਕਰ ਦਿੱਤਾ ਹੈ। ਜਿਵੇਂ ਗੁਰੂ ਨਾਨਕ ਕਲਾਸ ਹਾਊਸ,ਗੁਰੂ ਨਾਨਕ ਸਵੀਟ ਸ਼ਾਪ ਜਾਂ ਕਰਿਆਨਾ ਸਟੋਰ ਕੀ ਬਾਬਾ ਨਾਨਕ ਇਹ ਕਰਦਾ ਸੀ ?ਇਹ ਤਾਂ ਨੰਗਾ ਚਿੱਟਾ ਵਪਾਰ ਹੈ।ਬਾਬੇ ਨਾਨਕ ਵਾਲਾ ਸੱਚ ਦਾ ਵਪਾਰ ਨਹੀ ਹੈ।ਇਹ ਮਨੁੱਖ ਤਾਂ ਹੁਣ ਬਾਬੇ ਨਾਨਕ ਦੀ ਮਿਹਰ ਦੀ ਥਾਂ ਤੇ ਬਾਬਾ ਨਾਨਕ ਦੇ ਫਲਸਫੇ ਤੇ ਕਾਬਜ ਮਲਕ ਭਾਗੋਆਂ ਵੱਲੋਂ ਮਿਲਣ ਵਾਲੀਆਂ ਮੈਂਬਰੀਆਂ ਚੇਅਰਮੈਨੀਆਂ ਤੇ ਪ੍ਰਧਾਨਗੀਆਂ ਮਿਲਣ ਦੀ ਮਿਹਰ ਤੇ ਡੁੱਲ ਗਿਆ ਹੈ। ਅੱਜ ਦਿਖਾਵਾ ਭਾਰੂ ਹੈ ਤੇ ਗੁਰੂ ਦਾ ਫਲਸਫਾ ਇਹਨਾਂ ਲਈ ਮਾਰੂ ਹੈ। ਇਹ ਲਾਘੇ ਖੁੱਲਣ ਨੂੰ ਹੀ ਪ੍ਰਾਪਤੀ ਮੰਨਦੇ ਹਨ ਜਦ ਬਾਬਾ ਨਾਨਕ ਦੀ ਸੋਚ ਦਾ ਲਾਘਾਂ ਖੁੱਲ ਗਿਆ ਤਾਂ ਸਾਰੀ ਦੁਨੀਆਂ ਇੱਕ ਹੋ ਜਾਵੇਗੀ।ਹਰ ਮਨੁੱਖ ਨਾਨਕ ਦੇ ਸੱਚ ਦਾ ਧਾਰਨੀ ਬਣ ਜਾਵੇਗਾ।ਬਾਕੀ ਅਜੇ ਤਾਂ ਵਪਾਰ ਕਰਨ ਲਈ ਬੰਦੇ ਦੇ ਹੱਥ ਵਿੱਚ ਉੱਥੇ ਵੀ ਭਾਈ ਗਜ ਵਰਗੇ ਲੋਹੇ ਦੇ ਮੀਟਰ ਹਨ, ਬਾਬਾ ਮਚਾਕ ਵਰਗੇ ਤੇਲ ਨਾਪ ਦੇ ਵੱਟੇ ਹਨ, ਤੱਕੜੀਆਂ ਹਨ ਜੋ ਸਿਆਸਤ ਵਿਚ ਨਸ਼ੇ ਤੋਲਦੀਆਂ ਹਨ। ਇਹ ਵਰਤਣ ਵਾਲੇ ਇਹਨਾਂ ਨੂੰ ਸਵੇਰੇ ਦੁਕਾਨ ਖੋਹਲ ਕੇ ਸੱਜਰੇ ਪਾਣੀ ਨਾਲ ਧੋਂਦੇ ਹਨ, ਇਹਨਾਂ ਤੇ ਧੂਫ ਧੁਖਾਉਂਦੇ ਹਨ। ਕਸਾਈ ਮਾਸ ਤੋਲਦੇ ਹਨ।ਇੰਜ ਸੱਤੀ ਵੀਹੀ ਸੌ ਕਰਕੇ ਲੁੱਟ ਕਰਦੇ ਹਨ।ਪਰ ਬਾਬਾ ਨਾਨਕ ਵਾਂਗ ਤੇਰਾ ਤੇਰਾ ਕਿਉਂ ਨਹੀ ਤੋਲਦੇ ? ਧੰਨ ਬਾਬਾ ਨਾਨਕ ਧੰਨ ਬਾਬਾ ਨਾਨਕ ਜਾਂ ਅਮਲ ਤੋਂ ਸੱਖਣੀ ਬਾਣੀ ਦਾ ਰਟਨ ਕਰਕੇ, ਮੱਥੇ ਰਗੜ ਕੇ ਬਾਬਾ ਨਾਨਕ ਨੇ ਇਹਨਾਂ ਤੇ ਨਦਿਰ ਨਹੀ ਕਰਨੀ"।ਹਥੌੜੀ ਨੇ ਕਿਹਾ।

"ਆਪਣਾ ਬਲਰਾਜ ਤਾਂ ਇੰਜ ਨਹੀ ਕਰਦਾ ਨਾ ਹੀ ਉਸਦਾ ਕਰਖਾਨਾ ਕਿਸੇ ਗੁਰੂ ਦੇ ਨਾਮ ਤੇ ਹੈ ਇਹ ਤਾਂ ਕਿਰਤ ਕਰਨ ਦਾ ਸਥਾਨ ਹੈ। ਜਿਸ ਦਿਨ ਘਰੇ ਆਟੇ ਦਾ ਪੀਪਾ ਖਾਲੀ ਹੋਇਆ ਜਾਂ ਘਰੇ ਦੇ ਡੰਗ ਦਾ ਆਟਾ ਹੋਇਆ ਤਾਂ ਰਾਮਗੜੀਆ ਗੁਰਦੁਆਰੇ ਵਿੱਚ ਮੱਥਾ ਟੇਕ ਆਊ ਕਿਉਂਕੇ ਉੱਚੀ ਜਾਤੀ ਵਾਲਿਆਂ ਨੇ ਤਾਂ ਉਥੇ ਜਾਣਾਂ ਮਨਾ ਕੀਤਾ ਹੋਇਆ ਹੈ ਇਸੇ ਕਰਕੇ ਰਵੀਦਾਸੀਆਂ, ਗੁਰੂ ਕੇ ਬੇਟਿਆਂ ਨੂੰ ਜਾਤੀ ਵਿਤਕਰੇ ਕਾਰਨ ਆਪਣੇ ਗੁਰੂ ਘਰ ਬਣਾਉਣੇ ਪਏ ਗਏ।ਚਲੋ ਏਨੇ ਨਾਲ ਬਰਾਬਰੀ ਤਾਂ ਮਿਲਦੀ ਹੈ।ਪਰ ਮਰਨ ਤੋਂ ਬਾਅਦ ਵੀ ਨਹੀ ਮਿਲਦੀ।" ਤੇਸੇ ਨੇ ਕਾਫੀ ਲੰਬੇ ਸਮੇਂ ਬਾਅਦ ਆਪਣਾ ਗੁੱਭ ਗੁਭਾਟ ਕੱਢਿਆ।

"ਹੈਂ..ਹੈਂ....ਹੈ.. ਉਹ ਕਿਵੇਂ ? ਆਰੀ ਨੇ ਕਿਹਾ।

"ਕੁੜੇ ਤੈਨੂੰ ਤਾਂ ਬਲਰਾਜ ਸ਼ਮਸ਼ਾਨਘਾਟ ਵਿੱਚ ਲੱਕੜਾ ਚੀਰਨ ਵਾਸਤੇ ਲੈ ਕੇ ਜਾਂਦਾ ਹੈ ਐਨਾ ਵੀ ਨਹੀ ਪਤਾ ਕਿ ਸ਼ਮਸ਼ਾਨਘਾਟ ਵਿੱਚ ਉੱਚੀ ਜਾਤੀਆਂ ਲਈ ਵੱਖਰਾ ਥੜਾ ਬਣਿਆ ਹੋਇਆ ਹੈ ਤੇ ਨੀਵੀ ਜਾਤੀ ਵਾਲਿਆਂ ਲਈ ਵੱਖਰਾ ਥੜਾ ਬਣਿਆ ਹੋਇਆ ਹੈ ਜਿੱਥੇ ਨੀਵੀਂ ਜਾਤੀ ਵਾਲੇ ਆਪਣੇ ਮੁਰਦਿਆਂ ਦਾ ਸੰਸਕਾਰ ਕਰਦੇ ਹਨ। ਪਰ ਭੋਗ ਸਮੇਂ ਬਾਣੀ ਇੱਕੋ ਹੀ ਪੜੀ ਜਾਂਦੀ ਹੈ।ਜੇ ਬਾਣੀ ਇਕੋ ਜੇਹੀ ਹੈ ਤਾਂ ਵਰਤਾਰਾ ਇੱਕੋ ਜੇਹਾ ਕਿਉਂ ਨਹੀ ।ਮਚਾਕ ਨੇ ਕਿਹਾ। "ਏਹੀ ਤਾਂ ਬੰਦੇ ਦਾ ਖੋਖਲਾਪਣ ਹੈ। ਇਹ ਖੋਖਲਾਪਣ ਕੱਤਕ ਦੀ ਪੂਰਨਮਾਸ਼ੀ ਨੂੰ ਵੀ ਸਾਹਮਣੇ ਆਵੇਗਾ ? ਰੰਦੇ ਨੇ ਕਿਹਾ "ਉਹ ਕਿਵੇਂ ? ਛੈਣੀ ਨੇ ਪੁੱਛਿਆ

"ਉਹ ਇਸ ਤਰ੍ਹਾਂ ਕਿ ਜਿਵੇਂ ਬਾਬੇ ਦੇ ਪ੍ਰਕਾਸ਼ ਉਤਸਵ ਤੇ ਬਾਬੇ ਨਾਨਕ ਦੇ ਜਨਮ ਦਿਨ ਨੂੰ ਮਨਹੂਸ ਬਣਾਉਣ ਵਾਲਿਆਂ ਦੇ ਲੀਹੋਂ ਲਾਹੇ ਕਈ ਖੋਖਲੇ ਮਨੁੱਖ ਕਪਾਲ ਮੋਚਨ ਤੁਰ ਜਾਣਗੇ ਤੇ ਅਖੌਤੀ ਨਾਨਕ ਨਾਮ ਲੇਵਾ ਜਾਣਗੇ ਵੀ।ਬਾਕੀ ਮਨੁੱਖ ਧਾਰਮਿਕ ਸਥਾਨਾ ਤੇ ਜਾ ਕੇ ਕੁਝ ਕਰੰਸੀ ਨੋਟ ਅਰਪਨ ਕਰਕੇ ਸਰੋਵਰ 'ਚ ਟੁੱਬੀ ਲਗਾਕੇ ਦਿਖਾਵਾ ਕਰ ਆਉਣਗੇ ਦਿਖਾਵਾ ਇਸ ਕਰਕੇ ਕਿਉਕੇ ਟੁੱਬੀ ਲਾਉਣ ਨਾਲ ਵੀ ਉਹਨਾਂ ਦੇ ਅੰਦਰਲੀ ਮੈਲ ਨਹੀ ਧੋਤੀ ਜਾਣੀ। ਉਹ ਜਾਤੀ ਨਫਰਤ ਵੀ ਕਰਨਗੇ, ਮਾਵਾਂ ਭੈਣਾਂ ਦੀਆਂ ਗਾਲਾਂ ਵੀ ਕੱਢਣਗੇ, ਧਾਗੇ ਤਵੀਤ ਅਤੇ ਰਾਸ਼ੀ ਨਗ ਤਾਂ ਟੁੱਬੀ ਮਾਰਦੇ ਸਮੇਂ ਵੀ ਪਾਏ ਹੋਣਗੇ ਆਪਣੇ ਬਾਬੇ ਨਾਨਕ ਨੇ ਤਾਂ ਜਨੇਊ ਵੀ ਨਹੀ ਸੀ ਪਾਇਆ। ਏਹੀ ਮਨੁੱਖ ਬਾਬੇ ਨਾਨਕ ਦੇ ਨਾਮ ਲੇਵਾ ਪੋਚਕਾਂ ਤੇ ਗੰਡਮੂਲ ਡਾਇਰੀ ਤੋਂ ਦੇਖਕੇ ਸਾਹੇ ਧਰਨਗੇ।ਕਈ ਦੇਹਧਾਰੀ ਬਾਬਿਆਂ ਦੇ ਚਰਨੀ ਡਿੱਗ ਕੇ ਆਉਂਦੇ ਸਮੇਂ ਭੁੱਲ ਜਾਣਗੇ ਕਿ ਇਹ ਬਾਬਾ ਨਾਨਕ ਤੋਂ ਮਹਾਨ ਕੋਈ ਨਹੀ ਬਣ ਸਕਦਾ। ਇਹ ਲੋਕ ਬਾਬਿਆ ਦੀ ਸੇਵਾ ਲਈ ਦੇਵਦਾਸੀਆਂ ਵਾਂਗ ਧੀਆਂ ਭੈਣਾਂ ਨੂੰ ਵੀ ਉਥੇ ਸੇਵਾ ਕਰਨ ਲਈ ਛੱਡਕੇ ਆਉਣਗੇ।ਫਿਰ ਬਾਬੇ ਨਾਨਕ ਦੀ ਫੋਟੋ ਦੇ ਬਰਾਬਰ ਆਪਣੇ ਨਿੱਜੀ ਬਾਬੇ ਦੀ ਫੋਟੋ ਅੱਗੇ ਵੀ ਘਿਓ ਦਾ ਦੀਵਾ ਬਾਲਣਗੇ।ਧੂਫ ਲਗਾਉਣਗੇ।ਰਾਤ ਨੂੰ ਬਿਜਲੀ ਦੀਆਂ ਲੜੀਆਂ ਜਗਾ ਲੈਣਗੇ।ਮਿਠਿਆਈ ਦੇ ਡੱਬੇ ਚੋ ਚਾਰ ਪੰਜ ਲੱਡੂ ਗੁਰਦੁਆਰੇ ਦੇ ਕੇ ਬਾਕੀ ਆਪ ਖਾ ਲੈਣਗੇ।ਦੋ-ਚਾਰ ਆਤਸ਼ਬਾਜੀਆਂ ਤੇ ਭੂੰਗ ਪਟਾਕੇ ਚਲਾ ਕੇ ਸਿਰ ਹੇਠਾਂ ਬਾਂਹ ਦੇ ਕੇ ਸੌਂ ਜਾਣਗੇ। ਬਾਬਾ ਨਾਨਕ ਦੇ ਫਲਸਫੇ ਵਲੋਂ ਤਾਂ ਉਂਜ ਵੀ ਸਦੀਆਂ ਤੋਂ ਬੰਦੇ ਸਿਰ ਥੱਲੇ ਬਾਂਹ ਦੇ ਕੇ ਸੁੱਤੇ ਪਏ ਹਨ। ਬਾਬਾ ਨਾਨਕ ਤਾਂ ਇਸ ਵਰਤਾਰੇ ਬਾਰੇ ਉਚਾਰ ਵੀ ਗਏ ਹਨ ਕਿ ਨਾਵਣ ਚੱਲੇ ਤੀਰਥੀ ਮਨ ਖੋਟੇ ਤਨ ਚੋਰ" ਮਚਾਕ ਨੇ ਕਿਹਾ।

"ਬਾਬਾ ਫਿਰ ਮੈਂ ਐਵੇਂ ਹੀ ਬਦਨਾਮ ਹਾਂ ਕਿ ਆਰੀ ਦੇ ਐਨੇ ਦੰਦੇ ਐ ਕਿ ਗਿਣੇ ਨਹੀ ਜਾ ਸਕਦੇ ਪਰ ਬੰਦੇ ਦੇ ਜੀਭ ਤਾਂ ਇੱਕ ਹੈ ਪਰ ਇਸਦੇ ਦੰਦਿਆਂ ਨੂੰ ਦੰਦ ਲੁਕੋ ਲੈਂਦੇ ਹਨ ਜੋ ਆਪਣੀ ਹੀ ਜੀਭ ਨਾਲ ਹੀ ਧੀਆਂ ਭੈਣਾਂ ਪ੍ਰਤੀ ਗੰਦੇ ਗੀਤ ਗਾ ਕੇ ਜਾਂ ਲੜਦੇ ਸਮੇਂ ਗਾਲਾਂ ਕੱਢ ਕੇ ਵੱਢ ਦੇ ਹਨ। ਪੰਜ ਸਾਲ ਤੋਂ ਲੈ ਕੇ 70 ਸਾਲ ਦੀ ਮਾਈ ਦੀ ਬਾਬੇ ਦੀ ਇਸ ਧਰਤੀ ਤੇ ਇੱਜਤ ਆਬਰੂ ਸੁਰੱਖਿਤ ਨਹੀ"ਆਰੀ ਨੇ ਕਿਹਾ।

"ਧੀਏ ਬਿਲਕੁਲ ਠੀਕ ਕੂਕਰ ਵੀ ਰਾਖੀ ਲਈ ਭੌਂਕ ਕੇ ਵਿੜਕ ਦਿੰਦਾ ਹੈ ਤੇ ਬੰਦਾ ਅਜਿਹੇ ਗੀਤ ਗਾ ਕੇ ਮਾਂ-ਬਾਪ ਨੂੰ ਧੀਆਂ-ਭੈਣਾਂ ਪ੍ਰਤੀ ਕਿਹੜੀ ਵਿੜਕ ਦਿੰਦਾ ਹੈ ? ਇਹ ਵਿੜਕ ਵੀ ਬਾਬੇ ਨਾਨਕ ਤੋਂ ਬਿਨਾ ਕਿਸੇ ਨਹੀ ਦਿੱਤੀ ਜਿਸਨੇ ਉਚਾਰਿਆ ਕਿ ਉਸ ਮਾਂ ਭੈਣ ਧੀ ਨੂੰ ਮੰਦਾ ਕਿਉਂ ਬੋਲਿਆ ਜਾਵੇ ਜੋ ਰਾਜੇ ਰਾਣਿਆਂ ਨੂੰ ਹੁਨਰਮੰਦ ਹੱਥਾਂ ਤੇ ਸਾਰੇ ਮਨੁੱਖਾਂ ਨੂੰ ਜਨਮ ਦਿੰਦੀ ਹੈ।ਪਰ ਆਪਣਾ ਬਲਰਾਜ ਇੰਜ ਨਹੀ ਬੋਲਦਾ ਜੇ ਸਾਡੇ ਵਿਚੋ ਕੋਈ ਉਸਦੇ ਚੁਭ ਜਾਵੇ ਜਾ ਲੱਗ ਜਾਵੇ ਤੇ ਖੂਨ ਨਿਕਲ ਆਵੇ ਤਾਂ ਏਹੀ ਕਹੂ"ਮੁਆਫ ਕਰਨਾ ਪੁੱਤਰੋ ਮੇਰੇ ਤੋਂ ਹੀ ਗਲਤੀ ਹੋਈ ਐ" ਐਹੋ ਜੇ ਬਲਰਾਜ ਵਰਗਿਆਂ ਨੇ ਜਦ ਆਪਣਿਆਂ ਸਾਰਿਆਂ ਔਜ਼ਾਰਾਂ ਦੀ ਤਾਕਤ ਇਕੱਠੀ ਕਰਕੇ ਇਹਨਾਂ ਮਾਇਆ ਧਾਰੀ ਪਖੰਡੀਆਂ ਅਤੇ ਜਬਰ ਜੁਲਮ ਤੇ ਹਥੌੜੇ,ਤੇਸੀ,ਆਰੀ ਅਤੇ ਰੰਦੇ ਨੂੰ ਕਿਰਤ ਲੁਟੇਰਿਆਂ ਤੇ ਫੇਰਿਆ ਉਸ ਦਿਨ ਭਾਈ ਲਾਲੋਆਂ ਦਾ ਰਾਜ ਆਜੂ। ਇਹ ਲਿਆਉਣ ਲਈ ਔਜ਼ਾਰਾਂ ਦੇ ਬਲ ਦੀ ਲੋੜ ਹੈ"। ਮਚਾਕ ਨੇ ਕਿਹਾ।

ਕਾਰਖਾਨੇ ਦੇ ਬਾਹਰ ਪੈੜ ਚਾਲ ਸੁਣਾਈ ਦਿੱਤੀ।ਜਿੰਦਰੇ ਵਿਚ ਚਾਬੀ ਲੱਗਣ ਤੇ ਅਰਲ ਖੜਕਣ ਦੀ ਅਵਾਜ ਆਈ। ਔਜ਼ਾਰਾਂ ਦੀ ਗੁਫਤਗੂ ਨੇ ਕੰਨ ਚੁਕਦਿਆਂ ਕਿਹਾ,ਹੈ !ਦਿਨ ਚੜ ਗਿਆ ਪਤਾ ਈ ਨਹੀ ਲੱਗਾ।ਲਓ ਬਈ ਬਲਾਰਜ ਆ ਗਿਆ ਹੈ। ਆਓ ਉਸਦੀ ਸੁੱਚੀ ਕਿਰਤ ਦੇ ਹੱਥਾਂ ਦੀ ਛੋਹ ਨੂੰ ਪਾਈਏ" ਤੇਸੇ ਨੇ ਅਗਾੜੀ ਜੇਹੀ ਭੰਨਦਿਆਂ ਕਿਹਾ ਅਤੇ ਕਾਰਖਾਨੇ ਵਿੱਚ ਚੁੱਪ ਛਾ ਗਈ।

ਬਲਰਾਜ ਦੀ ਥਾਂ ਬਾਰ ਖੋਲਕੇ ਉਸਦਾ ਦਸਵੀ ਵਿੱਚ ਪੜਦਾ ਮੁੰਡਾ ਆਇਆ ਤੇ ਤੇਸੇ ਨਾਲ ਲੱਕੜ ਦੇ ਲਾਹੇ ਸੱਕ ਨੂੰ ਬੋਰੀ ਵਿੱਚ ਭਰਨ ਲੱਗਾ ਤਾਂ ਜੋ ਉਸਦੀ ਮਾਂ ਚੁੱਲੇ 'ਚ ਇਹ ਸੱਕ ਬਾਲ੍ਹ ਕੇ ਰੋਟੀ ਟੁੱਕ ਜਾਂ ਚਾਹ ਦਾ ਆਹਰ ਕਰ ਲਵੇ।

"ਓ ਬਈ ਸੀਤੇ ਤੇਰਾ ਬਾਪੂ ਕਿੱਥੇ ਐ ?" ਇੱਕ ਅਧਖੜ ਉਮਰ ਦੇ ਕਿਰਤੀ ਬੰਤ ਸਿੰਘ ਨੇ ਪੁੱਛਿਆ

"ਓ ਤਾਂ ਤਾਇਆ ਸ਼ਹਿਰ ਮਜਦੂਰ ਚੌਕ 'ਚ ਪੰਜ ਸੱਤ ਦਿਨ ਦਿਹਾੜੀ ਉਡੀਕਣ ਗਿਆ ਹੈ ਮੇਰੀ ਦਸਵੀ ਦੀ ਡੇਢ ਹਜਾਰ ਦਾਖਲਾ ਫੀਸ ਸਕੂਲ ਭਰਨੀ ਐ ?" ਮੁੰਡੇ ਨੇ ਕਿਹਾ

"ਜੇ ਦਿਹਾੜੀ ਨਾ ਮਿਲੀ ਤਾਂ ? ਹੁਣ ਕੰਮ ਦੀ ਰੁੱਤ ਨਹੀ ਹੈ ਮੌਸਮ ਠੀਕ ਨਹੀ ਹੈ ਕੱਚੇ ਜੇਹੇ ਦਿਨ ਨੇ ਪੁੱਤਰ" ਬੰਤ ਸਿੰਘ ਨੇ ਕਿਹਾ

"ਤਾਇਆ ਜੇ ਕੰਮ ਨਾ ਮਿਲਿਆ ਤਾਂ ਉਹ ਬੇਬੇ ਦੀ ਚੁਆਨੀ ਭਰ ਦੀ ਛਾਪ ਵੇਚਕੇ ਜਾਂ ਗਹਿਣੇ ਧਰਕੇ ਕੁਝ ਲੈ ਆਊ ਜੇ ਦਾਖਲਾ ਨਾ ਭਰਿਆ ਤਾਂ ਸਾਲ ਖਰਾਬ ਹੋਜੂ ਹੋਰ ਤਾਇਆ ਤੇਰਾ ਕੀ ਕੰਮ ਐ ? ਮੈਂ ਬਾਪੂ ਨੂੰ ਦੱਸ ਦੂ" ਮੁੰਡੇ ਨੇ ਲੱਕੜ ਦੇ ਸੱਕ ਦੀ ਬੋਰੀ ਨੂੰ ਮੋਢੇ ਤੋਂ ਦੀ ਢੂਹੀ ਨਾਲ ਲਮਕਾਉਂਦਿਆ ਕਿਹਾ

"ਪੁੱਤ ਮੈਂ ਤਾਂ ਆਇਆ ਸੀ ਕਿ ਉਹ ਸ਼ਹਿਰੋਂ ਮੇਰੇ ਲਈ ਕੁਝ ਡਾਂਗਾ ਲਿਆ ਦਿੰਦਾ ਜਾਂ ਅਸੀ ਤੂਤ ਛਾਂਗੇ ਐ ਉਹਦੀਆਂ ਬਣਾ ਦਿੰਦਾ" ਬੰਤ ਸਿੰਘ ਨੇ ਕਿਹਾ

"ਤਾਇਆ ਐਨੀਆਂ ਡਾਗਾਂ ਕੀ ਗੱਲ ਹੋ ਗਈ ?" ਮੁੰਡੇ ਨੇ ਪੁੱਛਿਆ।

ਪੁੱਤ ਰਾਤ ਨੂੰ ਵੇਹਲੜ ਵੱਗ ਕਿਰਤ ਦਾ ਉਜਾੜਾ ਕਰ ਜਾਂਦੇ ਹਨ। ਮੰਡੀ ਵਿੱਚ ਵੀ ਵੇਚਣ ਸਮੇਂ ਏਹੀ ਹਾਲ ਹੁੰਦਾ ਐ।ਖਰੀਦਦਾਰਾਂ ਦੀ ਕੰਡੀ ਤੇ ਕੁੰਡੀ ਹੱਥੋ ਵੀ ਖੁਆਰ ਹੋਣਾ ਪੈਂਦਾ ਹੈ। ਉਹਨਾਂ ਲਈ ਚਾਹੀਦੀਆਂ ਸੀ ਹੁਣ ਆਪਣੀ ਰਾਖੀ ਤਾਂ ਆਪ ਕਰਨੀ ਪੈਣੀ ਐ" ਬੰਤ ਸਿੰਘ ਨੇ ਕਿਹਾ

"ਚੰਗਾ ਤਾਇਆ ਮੈਂ ਕਹਿ ਦੇਵਾਂਗਾ" ਮੁੰਡੇ ਨੇ ਕਰਖਾਨੇ ਦਾ ਬਾਰ ਬੰਦ ਕੀਤਾ ਤਾਂ ਅੰਦਰ ਹਨੇਰਾ ਹੋ ਗਿਆ ਪਰ ਭਾਈ ਲਾਲੋ ਦੇ ਕਿਰਤੀ ਸੰਦਾਂ ਨੇ ਇਹ ਗੱਲ ਸੁਣੀ ਤਾਂ ਇੰਜ ਲੱਗਾ ਜਿਵੇਂ ਉਹਨਾਂ ਦੀਆਂ ਤਿੱਖੀਆਂ ਕੀਤੀਆਂ ਧਾਰਾਂ ਤੇ ਜਿਵੇਂ ਬਾਬੇ ਨਾਨਕ ਦੀ ਅਲੌਕਿਕ ਰੋਸ਼ਨੀ ਪੈ ਗਈ ਹੋਵੇ।



– ਗੁਰਮੇਲ ਸਿੰਘ ਬੌਡੇ
(ਸਾਹਿਤਕ ਸਲਾਹਕਾਰ: ਮਹਿਕ ਵਤਨ ਦੀ ਲਾਈਵ ਬਿਓਰੋ)



# ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਅਤੇ ਸ਼੍ਰੋਮਣੀ ਭਗਤ ਬਾਬਾ ਨਾਮਦੇਵ ਜੀ ਦੇ ਅਵਤਾਰ ਪੁਰਬ ਨੂੰ ਸਮਰਪਿਤ ਵਿਸ਼ੇਸ਼ ਸਪਲੀਮੈਂਟ !

ਵੱਲੋਂ: ਭਵਨਦੀਪ ਸਿੰਘ ਪੁਰਬਾ (ਮੁੱਖ ਸੰਪਾਦਕ: 'ਮਹਿਕ ਵਤਨ ਦੀ ਲਾਈਵ' ਬਿਓਰੋ) Help Line: 9988-92-9988





## ਦੇਸ਼ਾਂ ਵਿਦੇਸ਼ਾਂ ਵਿੱਚ ਵਸਦੀ ਸਮੂੰਹ ਸੰਗਤ ਨੂੰ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਅਤੇ ਸ਼੍ਰੋਮਣੀ ਭਗਤ ਨਾਮਦੇਵ ਜੀ ਦੇ ਅਵਤਾਰ ਪੁਰਬ ਦੀਆਂ ਲੱਖ-ਲੱਖ ਮੁਬਾਰਕਾਂ ਹੋਵਣ ਜੀ !



ਸ਼੍ਰੋਮਣੀ ਭਗਤ ਬਾਬਾ ਨਾਮਦੇਵ ਜੀ

*With Best Wishes From:*

## ਸਮੂੰਹ ਟਾਂਕ ਕਸ਼ੱਤਰੀ ਸੰਗਤ ਜਿਲ੍ਹਾ ਮੋਗਾ ਅਤੇ ਘੁਮਾਣ (ਗੁਰਦਾਸਪੁਰ)



ਬ੍ਰਹਮ ਗਿਆਨੀ ਭਗਤ ਬਾਬਾ ਨਾਮਦੇਵ ਜੀ

ੴ ਸਤਿਗੁਰ ਪ੍ਰਸਾਦਿ

ਆਲ ਇੰਡੀਆ ਕਸ਼ੱਤਰੀਆ ਟਾਂਕ ਪ੍ਰਤੀਨਿਧੀ ਸਭਾ ਦੀ ਸਰਪ੍ਰਸਤੀ ਹੇਠ

ਭਗਤੀ ਲਹਿਰ ਦੇ ਸ਼੍ਰੋਮਣੀ ਭਗਤ ਬ੍ਰਹਮ ਗਿਆਨੀ ਬਾਬਾ ਨਾਮਦੇਵ ਜੀ ਦਾ

# 754ਵਾਂ ਪ੍ਰਕਾਸ਼ ਉਤਸਵ



ਗੁਰਦੁਆਰਾ ਤਪਿਆਣਾ ਸਾਹਿਬ ਘੁਮਾਣ (ਗੁਰਦਾਸਪੁਰ)

**ਪ੍ਰੋਗਰਾਮ ਦਾ ਵੇਰਵਾ**

10 ਨਵੰਬਰ 2024 ਦਿਨ ਐਤਵਾਰ ਆਰੰਭ ਸ੍ਰੀ ਅਖੰਡ ਪਾਠ ਸਾਹਿਬ ਸਵੇਰੇ 10:00 ਵਜੇ ਉਪਰੰਤ ਦਸਤਾਰ ਸਜ਼ਾਉਣ ਮੁਕਾਬਲੇ
11 ਨਵੰਬਰ 2024 ਦਿਨ ਸੋਮਵਾਰ ਸੁਖਮਨੀ ਸਾਹਿਬ ਜੀ ਦੇ ਪਾਠ ਦੇ ਭੋਗ ਗੁਰਦੁਆਰਾ ਚਰਨਕਮਲ ਸਾਹਿਬ, ਘੁਮਾਣ (ਗੁਰਦਾਸਪੁਰ)

# ਸੂਬਾ ਪੱਧਰੀ ਵਿਸ਼ਾਲ ਗੁਰਮਤਿ ਸਮਾਗਮ

ਸਮਾਗਮ ਵਿੱਚ ਹੁੰਮ-ਹੁੰਮਾ ਕੇ ਪਹੁੰਚੋ ਜੀ

12 ਨਵੰਬਰ 2024 ਦਿਨ ਮੰਗਲਵਾਰ ਨੂੰ ਗੁ: ਤਪਿਆਣਾ ਸਾਹਿਬ ਘੁਮਾਣ ਵਿਖੇ ਖੁੱਲ੍ਹੇ ਪੰਡਾਲ ਵਿੱਚ ਸਵੇਰੇ 10 ਵਜੇ ਤੋਂ ਦੇਰ ਰਾਤ 11 ਵਜੇ ਤੱਕ ਦੀਵਾਨ ਸਜਣਗੇ।

ਗੁਰੂ ਕਾ ਲੰਗਰ ਅਤੁੱਟ ਵਰਤੇਗਾ

## ਪਹੁੰਚ ਰਹੇ ਹਜ਼ੂਰੀ ਰਾਗੀ ਜੱਥੇ ਅਤੇ ਪ੍ਰਮੁੱਖ ਸਨਮਾਨਯੋਗ ਸਖਸ਼ੀਅਤਾਂ

ਨੋਟ: ਬਰਾਦਰੀ ਭਾਈਚਾਰੇ ਨਾਲ ਸਬੰਧਤ ਸਮੂਹ ਆਈ.ਏ.ਐਸ., ਪੀ.ਸੀ.ਐਸ., ਅਤੇ ਹੋਰ ਨਾਮਵਰ ਸ਼ਖਸ਼ੀਅਤਾਂ ਤੋਂ ਇਲਾਵਾ ਪੜ੍ਹਾਈ ਅਤੇ ਖੇਡਾਂ ਤੇ ਖੇਤਰ ਵਿੱਚ ਮੱਲਾਂ ਮਾਰਨ ਵਾਲੇ ਵਿਦਿਆਰਥੀਆਂ ਅਤੇ ਖਿਡਾਰੀਆਂ ਦਾ ਵਿਸ਼ੇਸ ਸਨਮਾਨ ਕੀਤਾ ਜਾਵੇਗਾ।



ਪ੍ਰਧਾਨ ਅਤੇ ਸਮੂਹ ਪ੍ਰਬੰਧਕ ਕਮੇਟੀ
ਗੁਰਦੁਆਰਾ ਤਪਿਆਣਾ ਸਾਹਿਬ
ਘੁਮਾਣ, ਜਿਲ੍ਹਾ ਗੁਰਦਾਸਪੁਰ
ਮੋ: 97819-15233, 98763-15798, 94658-54922

ਬੇਨਤੀ ਕਰਤਾ:

**ਸਤਨਾਮ ਸਿੰਘ ਜੱਸਲ ਦਮਦਮੀ**

ਪ੍ਰਧਾਨ ਅਤੇ ਸਮੂਹ ਪ੍ਰਬੰਧਕ ਕਮੇਟੀ ਆਲ ਇੰਡੀਆ ਕਸ਼ੱਤਰੀਆ ਟਾਂਕ ਪ੍ਰਤੀਨਿਧੀ ਸਭਾ

ਪ੍ਰਧਾਨ ਅਤੇ ਸਮੂਹ ਪ੍ਰਬੰਧਕ ਕਮੇਟੀ
ਗੁਰਦੁਆਰਾ ਚਰਨਕਮਲ ਸਾਹਿਬ
ਘੁਮਾਣ, ਜਿਲ੍ਹਾ ਗੁਰਦਾਸਪੁਰ
ਮੋ: 95019-65413, 99156-03342, 95920-93604

M: 97814-37111, 98722-31236, 98882-02415, 98723-12799, 88720-40771, (97819-15233 For Room Booking)



## ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਅਵਤਾਰ ਪੁਰਬ ਨੂੰ ਸਮਰਪਿਤ ਵਿਸ਼ੇਸ਼ ਸਪਲੀਮੈਂਟ!

ਇਸ ਵਿਸ਼ੇਸ਼ ਸਪਲੀਮੈਂਟ ਵਿੱਚ ਸਹਿਯੋਗ ਦੇਣ ਵਾਲੇ ਸੰਤਾਂ ਮਹਾਪੁਰਖਾਂ ਦਾ ਹਾਰਦਿਕ ਧੰਨਵਾਦ! ਸਾਹਿਬ ਸ਼੍ਰੀ ਗੁਰੂ ਨਾਨਕਦੇਵ ਜੀ ਮਹਾਰਾਜ ਸਭ ਦੇ ਸਿਰ ਤੇ ਮੇਹਰ ਭਰਿਆਂ ਹੱਥ ਰੱਖਣ।

**ਵੱਲੋਂ: ਭਵਨਦੀਪ ਸਿੰਘ ਪੁਰਬਾ** (ਮੁੱਖ ਸੰਪਾਦਕ: 'ਮਹਿਕ ਵਤਨ ਦੀ ਲਾਈਵ' ਬਿਓਰੋ) **Help Line: 9988-92-9988**



ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧ ਜਗ ਚਾਨਣ ਹੋਆ॥

## ਦੇਸ਼ਾਂ ਵਿਦੇਸ਼ਾਂ ਵਿੱਚ ਵਸਦੀ ਸਮੂੰਹ ਸੰਗਤ ਨੂੰ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਅਵਤਾਰ ਪੁਰਬ ਦੀਆਂ ਲੱਖ-ਲੱਖ ਮੁਬਾਰਕਾਂ!

*With Best Wishes From:*

# ਗੁਰਦੁਆਰਾ ਸ਼ਹੀਦ ਬਾਬਾ ਤੇਗਾ ਸਿੰਘ ਜੀ

## ਪਿੰਡ ਚੰਦ ਪੁਰਾਣਾ (ਜਿਲ੍ਹਾ ਮੋਗਾ)

### (ਤਪ ਅਸਥਾਨ ਸੱਚਖੰਡ ਵਾਸੀ ਸੰਤ ਬਾਬਾ ਨਛੱਤਰ ਸਿੰਘ ਜੀ)

ਮੈਂ ਅਰਦਾਸ ਕਰਦਾ ਹਾਂ ਕਿ ਸਾਹਿਬ ਸ਼੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਸਾਰੀ ਸੰਗਤ ਨੂੰ ਤੰਦਰੁਸਤੀ ਬਖਸ਼ਣ, ਸਮੂੰਹ ਸੰਗਤ ਦੇ ਘਰ ਖੁਸ਼ੀਆਂ, ਮੇਲ ਮਿਲਾਪ, ਥਵਾਕ ਤੇ ਪਿਆਰ ਬਣਿਆ ਰਹੇ। ਤੁਸੀਂ ਦੇਸ਼ਾ ਵਿਦੇਸ਼ਾ ਵਿੱਚ ਜਿੱਥੇ ਵੀ ਰਹਿ ਰਹੇ ਹੋ ਗੁਰੂ ਸਾਹਿਬ ਆਪ ਸਭ ਤੇ ਮੇਹਰ ਭਰਿਆਂ ਹੱਥ ਰੱਖਣ ਤੇ ਤਰੱਕੀਆਂ ਬਖਸ਼ਣ!



**ਵੱਲੋਂ: ਮੁੱਖ ਸੇਵਾਦਰ ਬਾਬਾ ਗੁਰਦੀਪ ਸਿੰਘ ਜੀ ਚੰਦਪੁਰਾਣਾ**

**ਸੰਪਰਕ: 98147-41305, 98148-41305**



## ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਅਵਤਾਰ ਪੁਰਬ ਨੂੰ ਸਮਰਪਿਤ ਵਿਸ਼ੇਸ਼ ਸਪਲੀਮੈਂਟ!

ਇਸ ਵਿਸ਼ੇਸ਼ ਸਪਲੀਮੈਂਟ ਵਿੱਚ ਸਹਿਯੋਗ ਦੇਣ ਵਾਲੇ ਸੰਤਾਂ ਮਹਾਪੁਰਖਾਂ ਦਾ ਹਾਰਦਿਕ ਧੰਨਵਾਦ! ਪ੍ਰਮਾਤਮਾਂ ਕ੍ਰਿਪਾ ਕਰੇ, ਸਾਰੇ ਸੰਤਾਂ ਮਹਾਪੁਰਖਾਂ ਦਾ ਮਿਹਰ ਭਰਿਆਂ ਹੱਥ ਹਮੇਸ਼ਾ ਸਾਡੇ ਸਿਰ ਤੇ ਰਹੇ।

ਵੱਲੋਂ: ਭਵਨਦੀਪ ਸਿੰਘ ਪੁਰਬਾ (ਮੁੱਖ ਸੰਪਾਦਕ: 'ਮਹਿਕ ਵਤਨ ਦੀ ਲਾਈਵ' ਬਿਊਰੋ) Help Line: 9988-92-9988

ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧੁ ਜਗ ਚਾਨਣੁ ਹੋਆ॥



# ਦੇਸ਼ਾਂ ਵਿਦੇਸ਼ਾਂ ਵਿੱਚ ਵਸਦੀ ਸਮੂੰਹ ਸੰਗਤ ਨੂੰ ਸਾਹਿਬ ਸ੍ਰੀ ਗੁਰੂ ਨਾਨਾਕ ਦੇਵ ਜੀ ਮਹਾਰਾਜ ਦੇ ਅਵਤਾਰ ਪੁਰਬ ਦੀਆਂ ਲੱਖ-ਲੱਖ ਮੁਬਾਰਕਾਂ ਹੋਵਣ ਜੀ!

*With Best Wishes From:*



ਸੰਤ ਬਾਬਾ ਸੁਰਿੰਦਰ ਸਿੰਘ ਜੀ

## ਮੁੱਖ ਸੇਵਾਦਾਰ

# ਸੰਤ ਬਾਬਾ ਸੁਰਿੰਦਰ ਸਿੰਘ ਜੀ

## ਸੁਭਾਨਾ (ਜਲੰਧਰ) ਵਾਲੇ

ਸੰਤ ਬਾਬਾ ਸੁਰਿੰਦਰ ਸਿੰਘ ਜੀ ਦੀ ਸ੍ਰਪਰਸਤੀ ਵਿੱਚ ਹਰ ਸਾਲ ਸਾਲਾਨਾ ਸ਼ਹੀਦੀ ਜੋੜ ਮੇਲੇ ਮੌਕੇ ਸੁਭਾਨਾ (ਜਲੰਧਰ) ਤੋਂ ਸ਼੍ਰੀ ਫਤਹਿਗੜ੍ਹ ਸਾਹਿਬ (ਸਰਹੰਦ) ਤੱਕ ਤਿੰਨ ਦਿਨਾਂ ਪੈਦਲ ਯਾਤਰਾ ਕੀਤੀ ਜਾਂਦੀ ਹੈ। ਜਿਸ ਵਿੱਚ ਸੰਗਤਾਂ ਦਾ ਭਾਰੀ ਉਤਸ਼ਾਹ ਹੁੰਦਾ ਹੈ। ਸਮੂੰਹ ਸੰਗਤ ਨੂੰ ਇਸ ਪੈਦਲ ਯਾਤਰਾ ਵਿੱਚ ਹਾਜਿਰ ਹੋਣ ਦਾ ਹਾਰਦਿਕ ਸੱਦਾ ਦਿੱਤਾ ਜਾਂਦਾ ਹੈ ਜੀ।

# ਗੁਰਦੁਆਰਾ ਅਕਾਲ ਬੁੰਗਾ ਸਾਹਿਬ

## ਨੇੜੇ ਗੜ੍ਹਾ ਮੰਡੀ, ਸੁਭਾਨਾ (ਜਲੰਧਰ)

ਸੰਪਰਕ: 84381-13000, 78890-21521, 81464-00834



## ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਅਵਤਾਰ ਪੁਰਬ ਨੂੰ ਸਮਰਪਿਤ ਵਿਸ਼ੇਸ਼ ਸਪਲੀਮੈਂਟ!

ਇਸ ਵਿਸ਼ੇਸ਼ ਸਪਲੀਮੈਂਟ ਵਿੱਚ ਸਹਿਯੋਗ ਦੇਣ ਵਾਲੇ ਸੰਤਾਂ ਮਹਾਪੁਰਖਾਂ ਦਾ ਹਾਰਦਿਕ ਧੰਨਵਾਦ! ਪ੍ਰਮਾਤਮਾਂ ਕ੍ਰਿਪਾ ਕਰੇ, ਸਾਰੇ ਸੰਤਾਂ ਮਹਾਪੁਰਖਾਂ ਦਾ ਮਿਹਰ ਭਰਿਆਂ ਹੱਥ ਹਮੇਸ਼ਾ ਸਾਡੇ ਸਿਰ ਤੇ ਰਹੇ।

ਵੱਲੋਂ: ਭਵਨਦੀਪ ਸਿੰਘ ਪੁਰਬਾ (ਮੁੱਖ ਸੰਪਾਦਕ: 'ਮਹਿਕ ਵਤਨ ਦੀ ਲਾਈਵ' ਬਿਓਰੋ) Help Line: 9988-92-9988

ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧ ਜਗ ਚਾਨਣ ਹੋਆ॥



# ਦੇਸ਼ਾਂ ਵਿਦੇਸ਼ਾਂ ਵਿੱਚ ਵਸਦੀ ਸਮੂੰਹ ਸੰਗਤ ਨੂੰ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਅਵਤਾਰ ਪੁਰਬ ਦੀਆਂ ਲੱਖ-ਲੱਖ ਮੁਬਾਰਕਾਂ ਹੋਵਣ ਜੀ!

*With Best Wishes From:*



# ਸੰਤ ਬਾਬਾ ਰੇਸ਼ਮ ਸਿੰਘ ਜੀ
## ਖਾਲਸਾ ਖੁਖਰਾਣੇ ਵਾਲੇ

ਮੁੱਖ ਸੇਵਾਦਾਰ :

## ਗੁ. ਸਾਹਿਬ ਦੁੱਖ ਭੰਜਨਸਰ

ਸੀਨੀ. ਮੀਤ ਪ੍ਰਧਾਨ: ਗੁਰ ਸ਼ਬਦ ਪ੍ਰਚਾਰ ਸੰਤ ਸਮਾਜ, ਮੈਂਬਰ: ਖਾਲਸਾ ਐਕਸ਼ਨ ਕਮੇਟੀ







ਸੰਤ ਬਾਬਾ ਰੇਸ਼ਮ ਸਿੰਘ ਜੀ ਖੁਖਰਾਣੇ ਵਾਲਿਆਂ ਦੇ ਕੀਤੇ ਜਾ ਰਹੇ ਕਾਰਜ ਅਤੇ ਚੱਲ ਰਹੀਆ ਸੇਵਾਵਾ ਦੀਆਂ ਕੁੱਝ ਝਲਕਾਂ!







## ਗੁ. ਸਾਹਿਬ ਦੁੱਖ ਭੰਜਨਸਰ ਸਾਹਿਬ, ਖੁਖਰਾਣਾ

ਪਿੰਡ ਖੁਖਰਾਣਾ ਤਹਿ ਤੇ ਜਿਲ੍ਹਾ ਮੋਗਾ, ਸੰਪਰਕ 98153-11318

ਜਾਰੀ ਕਰਤਾ : ਬਲਜਿੰਦਰ ਸਿੰਘ 'ਗੋਰਾ' (ਜੁਆਇੰਟ ਸੈਕਟਰੀ, ਆਮ ਆਦਮੀ ਪਾਰਟੀ, ਜ਼ਿਲ੍ਹਾ ਮੋਗਾ)





# ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਅਵਤਾਰ ਪੁਰਬ ਨੂੰ ਸਮਰਪਿਤ ਵਿਸ਼ੇਸ਼ ਸਪਲੀਮੈਂਟ!

ਇਸ ਵਿਸ਼ੇਸ਼ ਸਪਲੀਮੈਂਟ ਵਿੱਚ ਸਹਿਯੋਗ ਦੇਣ ਵਾਲੇ ਇਸ਼ਤਿਹਾਰ ਦਾਤਾਵਾਂ ਦਾ ਹਾਰਦਿਕ ਧੰਨਵਾਦ! ਸਾਹਿਬ ਸ਼੍ਰੀ ਗੁਰੂ ਨਾਨਕਦੇਵ ਜੀ ਮਹਾਰਾਜ ਸਭ ਦੇ ਸਿਰ ਤੇ ਮੇਹਰ ਭਰਿਆਂ ਹੱਥ ਰੱਖਣ।

ਵੱਲੋਂ: ਭਵਨਦੀਪ ਸਿੰਘ ਪੁਰਬਾ (ਮੁੱਖ ਸੰਪਾਦਕ: 'ਮਹਿਕ ਵਤਨ ਦੀ ਲਾਈਵ' ਬਿਓਰੋ) Help Line: 9988-92-9988


ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧ ਜਗ ਚਾਨਣ ਹੋਆ॥



## ਦੇਸ਼ਾਂ ਵਿਦੇਸ਼ਾਂ ਵਿੱਚ ਵਸਦੀ ਸਮੂੰਹ ਸੰਗਤ ਨੂੰ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਅਵਤਾਰ ਪੁਰਬ ਦੀਆਂ ਲੱਖ-ਲੱਖ ਮੁਬਾਰਕਾਂ ਹੋਵਣ ਜੀ!

*With Best Wishes From:*

# ਗੁਰਦੁਆਰਾ ਸੰਤ ਬਾਬਾ ਹੀਰਾ ਸਿੰਘ ਜੀ

ਤਪ ਅਸਥਾਨ ਬਾਬਾ ਹੀਰਾ ਸਿੰਘ ਜੀ ਪਿੰਡ ਖੁਖਰਾਣਾ (ਜ਼ਿਲ੍ਹਾ ਮੋਗਾ) ਪੰਜਾਬ

ਇਸ ਪਵਿੱਤਰ ਅਸਥਾਨ ਤੇ ਸੰਗਰਾਂਦ ਦਾ ਦਿਹਾੜਾ ਮਨਾਇਆ ਜਾਂਦਾ ਹੈ।



## ਸੱਚਖੰਡ ਵਾਸੀ ਧੰਨ-ਧੰਨ ਸੰਤ ਬਾਬਾ ਹੀਰਾ ਸਿੰਘ ਜੀ ਮਹਾਰਾਜ ਦੀ

# ਸਾਲਾਨਾ ਬਰਸੀ

## 2 ਦਸੰਬਰ 2024 (17 ਮੱਘਰ) ਨੂੰ ਮਨਾਈ ਜਾਵੇਗੀ।

ਬੇਨਤੀ ਕਰਤਾ : ਸੇਵਾਦਾਰ

ਬਾਬਾ ਜਸਵਿੰਦਰ ਸਿੰਘ ਜੀ ਬੱਧਣੀ ਖੁਰਦ ਵਾਲੇ

ਸੰਪਰਕ : 62800-15996

ਸੰਤ ਬਾਬਾ ਹੀਰਾ ਸਿੰਘ ਜੀ ਪ੍ਰਬੰਧਕੀ ਕਮੇਟੀ, ਖੁਖਰਾਣਾ



## ਸਮੂੰਹ ਸੰਗਤ ਨੂੰ ਇਸ ਮੌਕੇ ਹਾਜਰ ਹੋਣ ਦਾ ਸੱਦਾ ਦਿੱਤਾ ਜਾਂਦਾ ਹੈ।



# ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਅਵਤਾਰ ਪੁਰਬ ਨੂੰ ਸਮਰਪਿਤ ਵਿਸ਼ੇਸ਼ ਸਪਲੀਮੈਂਟ!

ਇਸ ਵਿਸ਼ੇਸ਼ ਸਪਲੀਮੈਂਟ ਵਿੱਚ ਸਹਿਯੋਗ ਦੇਣ ਵਾਲੇ ਇਸ਼ਤਿਹਾਰ ਦਾਤਾਵਾਂ ਦਾ ਹਾਰਦਿਕ ਧੰਨਵਾਦ! ਸਾਹਿਬ ਸ਼੍ਰੀ ਗੁਰੂ ਨਾਨਕਦੇਵ ਜੀ ਮਹਾਰਾਜ ਸਭ ਦੇ ਸਿਰ ਤੇ ਮੇਹਰ ਭਰਿਆਂ ਹੱਥ ਰੱਖਣ।

ਵੱਲੋਂ: ਭਵਨਦੀਪ ਸਿੰਘ ਪੁਰਬਾ (ਮੁੱਖ ਸੰਪਾਦਕ: 'ਮਹਿਕ ਵਤਨ ਦੀ ਲਾਈਵ' ਬਿਓਰੋ) Help Line: 9988-92-9988




ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧ ਜਗ ਚਾਨਣ ਹੋਆ॥

## ਦੇਸ਼ਾਂ ਵਿਦੇਸ਼ਾਂ ਵਿੱਚ ਵਸਦੀ ਸਮੂੰਹ ਸੰਗਤ ਨੂੰ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਅਵਤਾਰ ਪੁਰਬ ਦੀਆਂ ਲੱਖ-ਲੱਖ ਮੁਬਾਰਕਾਂ ਹੋਵਣ ਜੀ!

*With Best Wishes From:*



# ਧੰਨ-ਧੰਨ ਸੰਤ ਬਾਬਾ ਨੰਦ ਸਿੰਘ ਜੀ ਮਹਾਰਾਜ ਲੋਹਾਰੇ ਵਾਲੇ

ਬਾਬਾ ਜੀ ਦੇ ਤਪ ਅਸਥਾਨ ਅਤੇ ਅੰਗੀਠਾ ਸਾਹਿਬ ਤੋਂ ਹਰ ਸਾਲ ਸਾਹਿਬ ਸ਼੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਅਵਤਾਰ ਪੁਰਬ ਦੇ ਸਬੰਧ ਵਿੱਚ ਪੰਜਾਂ ਪਿੰਡਾ ਦਾ ਵਿਸ਼ਾਲ ਨਗਰ ਕੀਰਤਨ ਕੱਢਿਆ ਜਾਂਦਾ ਹੈ।

ਸ਼੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਅਵਤਾਰ ਪੁਰਬ ਦੇ ਸਬੰਧ ਵਿੱਚ

## ਪੰਜਾਂ ਪਿੰਡਾ ਦਾ ਵਿਸ਼ਾਲ ਨਗਰ ਕੀਰਤਨ 10 ਨਵੰਬਰ 2024 ਨੂੰ

ਨਗਰ ਕੀਰਤਨ ਪਿੰਡ ਲੋਹਾਰਾ, ਲੰਢੇਕੇ, ਫਤਹਿਗੜ੍ਹ, ਚੁੱਘਾ, ਵਰ੍ਹੇ ਵਿੱਚ ਦੀ ਹੁੰਦਾ ਹੋਇਆ ਦੇਰ ਰਾਤ ਨੂੰ ਬਾਬਾ ਜੀ ਦੇ ਸਥਾਨ ਤੇ ਪਹੁੰਚੇਗਾ।

**ਸਮੂੰਹ ਸੰਗਤ ਨੂੰ ਇਸ ਨਗਰ ਕੀਰਤਨ ਵਿੱਚ ਹਾਜਿਰ ਹੋਣ ਦਾ ਹਾਰਦਿਕ ਸੱਦਾ ਦਿੱਤਾ ਜਾਂਦਾ ਹੈ ਜੀ!**

## ਗੁਰਦੁਆਰਾ ਸੰਤ ਬਾਬਾ ਨੰਦ ਸਿੰਘ ਜੀ ਪਿੰਡ ਲੋਹਾਰਾ (ਜਿਲ੍ਹਾ ਮੋਗਾ)

ਮੁੱਖ ਸੇਵਾਦਾਰ:

## ਬਾਬਾ ਜਸਵੀਰ ਸਿੰਘ ਜੀ ਲੋਹਾਰਾ

ਸੰਪਰਕ: 95017-70065

ਵਿਸ਼ੇਸ਼ ਸਹਿਯੋਗ: ਸਮੂੰਹ ਨਗਰ ਨਿਵਾਸੀ ਸੰਗਤਾਂ ਅਤੇ ਬਾਬਾ ਨੰਦ ਸਿੰਘ ਜੀ ਸੇਵਾ ਸੋਸਾਇਟੀ ਪਿੰਡ ਲੋਹਾਰਾ





## ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਅਵਤਾਰ ਪੁਰਬ ਨੂੰ ਸਮਰਪਿਤ ਵਿਸ਼ੇਸ਼ ਸਪਲੀਮੈਂਟ!

ਇਸ ਵਿਸ਼ੇਸ਼ ਸਪਲੀਮੈਂਟ ਵਿੱਚ ਸਹਿਯੋਗ ਦੇਣ ਵਾਲੇ ਇਸ਼ਤਿਹਾਰ ਦਾਤਾਵਾਂ ਦਾ ਹਾਰਦਿਕ ਧੰਨਵਾਦ! ਸਾਹਿਬ ਸ੍ਰੀ ਗੁਰੂ ਨਾਨਕਦੇਵ ਜੀ ਮਹਾਰਾਜ ਸਭ ਦੇ ਸਿਰ ਤੇ ਮੇਹਰ ਭਰਿਆਂ ਹੱਥ ਰੱਖਣ।

ਵੱਲੋਂ: ਭਵਨਦੀਪ ਸਿੰਘ ਪੁਰਬਾ (ਮੁੱਖ ਸੰਪਾਦਕ: 'ਮਹਿਕ ਵਤਨ ਦੀ ਲਾਈਵ' ਬਿਊਰੋ) Help Line: 9988-92-9988


ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧ ਜਗ ਚਾਨਣ ਹੋਆ॥



ਦੇਸ਼ਾਂ ਵਿਦੇਸ਼ਾਂ ਵਿੱਚ ਵਸਦੀ ਸਮੂੰਹ ਸੰਗਤ ਨੂੰ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਅਵਤਾਰ ਪੁਰਬ ਦੀਆਂ ਲੱਖ-ਲੱਖ ਮੁਬਾਰਕਾਂ ਹੋਵਣ ਜੀ!

*With Best Wishes From:*




ੴ ਸਤਿਗੁਰ ਪ੍ਰਸਾਦਿ ॥

"ਧੰਨ ਧੰਨ ਬਾਬਾ ਨਰਾਇਣ ਹਰੀ ਜੀ" "ਧੰਨ ਧੰਨ ਬਾਬਾ ਪਾਲਾ ਸਿੰਘ ਜੀ"



ਗੁਰਦੁਆਰਾ ਬਾਬਾ ਪਾਲਾ ਸਿੰਘ ਜੀ ਕੜਿਆਲ









ਮੁੱਖ ਸੇਵਾਦਾਰ

ਸੰਤ ਬਾਬਾ ਪਵਨਦੀਪ ਸਿੰਘ ਜੀ

ਕੜਿਆਲ ਵਾਲੇ



# ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਅਵਤਾਰ ਪੁਰਬ ਨੂੰ ਸਮਰਪਿਤ ਵਿਸ਼ੇਸ਼ ਸਪਲੀਮੈਂਟ!

ਇਸ ਵਿਸ਼ੇਸ਼ ਸਪਲੀਮੈਂਟ ਵਿੱਚ ਸਹਿਯੋਗ ਦੇਣ ਵਾਲੇ ਸੰਤਾਂ ਮਹਾਪੁਰਖਾ ਦਾ ਹਾਰਦਿਕ ਧੰਨਵਾਦ! ਸਾਹਿਬ ਸ਼੍ਰੀ ਗੁਰੂ ਨਾਨਕਦੇਵ ਜੀ ਮਹਾਰਾਜ ਸਭ ਦੇ ਸਿਰ ਤੇ ਮੇਹਰ ਭਰਿਆਂ ਹੱਥ ਰੱਖਣ।

ਵੱਲੋਂ: ਭਵਨਦੀਪ ਸਿੰਘ ਪੁਰਬਾ (ਮੁੱਖ ਸੰਪਾਦਕ: 'ਮਹਿਕ ਵਤਨ ਦੀ ਲਾਈਵ' ਬਿਊਰੋ) Help Line: 9988-92-9988

ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧ ਜਗ ਚਾਨਣ ਹੋਆ॥



## ਦੇਸ਼ਾਂ ਵਿਦੇਸ਼ਾਂ ਵਿੱਚ ਵਸਦੀ ਸਮੂੰਹ ਸੰਗਤ ਨੂੰ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਅਵਤਾਰ ਪੁਰਬ ਦੀਆਂ ਲੱਖ-ਲੱਖ ਮੁਬਾਰਕਾਂ ਹੋਵਣ ਜੀ!

*With Best Wishes From:*



ਸੱਚਖੰਡ ਵਾਸੀ ਸੰਤ ਬਾਬਾ ਬਲਦੇਵ ਸਿੰਘ ਜੀ
ਨਾਨਕਸਰ ਠਾਠ ਮੰਡੀਰਾਂ ਵਾਲੇ

## ਸੰਤ ਬਾਬਾ ਬਲਦੇਵ ਸਿੰਘ ਜੀ ਮੰਡੀਰਾਂ ਵਾਲਿਆਂ ਦੇ ਪਰਮ ਸੇਵਕ



## ਭਾਈ ਹਰਪ੍ਰੀਤ ਸਿੰਘ 'ਡੋਨੀ' ਚੜ੍ਹਿੱਕ

ਮੋ. 99149-01113

---



ਬਾਬਾ ਜਗਤਾਰ ਸਿੰਘ ਜੀ
ਵੜ੍ਹਿਆਂ ਵਾਲੇ



ਵੈਦ ਬਾਬਾ ਰਾਮ ਸਿੰਘ ਜੀ
ਧਰਮਕੋਟ ਵਾਲੇ



ਬਾਬਾ ਬਿਬੇਕ ਸਿੰਘ ਜੀ
ਮੁੱਖ ਸੇਵਾਦਾਰ:
ਗੁਰਦੁਆਰਾ ਨਾਨਕਸਰ ਸਾਹਿਬ ਜੰਡਿਆਲਾ ਗੁਰੂ



# ਸਾਹਿਬ ਸ਼੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਅਵਤਾਰ ਪੁਰਬ ਨੂੰ ਸਮਰਪਿਤ ਵਿਸ਼ੇਸ਼ ਸਪਲੀਮੈਂਟ!

ਇਸ ਵਿਸ਼ੇਸ਼ ਸਪਲੀਮੈਂਟ ਵਿੱਚ ਸਹਿਯੋਗ ਦੇਣ ਵਾਲੇ ਇਸ਼ਤਿਹਾਰ ਦਾਤਾਵਾਂ ਦਾ ਹਾਰਦਿਕ ਧੰਨਵਾਦ! ਸਾਹਿਬ ਸ਼੍ਰੀ ਗੁਰੂ ਨਾਨਕਦੇਵ ਜੀ ਮਹਾਰਾਜ ਸਭ ਦੇ ਸਿਰ ਤੇ ਮੇਹਰ ਭਰਿਆਂ ਹੱਥ ਰੱਖਣ।

ਵੱਲੋਂ: ਭਵਨਦੀਪ ਸਿੰਘ ਪੁਰਬਾ (ਮੁੱਖ ਸੰਪਾਦਕ: 'ਮਹਿਕ ਵਤਨ ਦੀ ਲਾਈਵ' ਬਿਓਰੋ) Help Line: 9988-92-9988

ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧ ਜਗ ਚਾਨਣ ਹੋਆ॥

ਦੇਸ਼ਾਂ ਵਿਦੇਸ਼ਾਂ ਵਿੱਚ ਵਸਦੀ ਸਮੂੰਹ ਸੰਗਤ ਨੂੰ ਸਾਹਿਬ ਸ਼੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਅਵਤਾਰ ਪੁਰਬ ਦੀਆਂ ਲੱਖ-ਲੱਖ ਮੁਬਾਰਕਾਂ ਹੋਵਣ ਜੀ!



*With Best Wishes From:*

Madem Bhagwanti Purba

ਏਕਮ ਟਿਊਸ਼ਨ ਸੈਂਟਰ

ਪੰਜਾਬੀ, ਹਿੰਦੀ ਅਤੇ ਅੰਗਰੇਜੀ ਮੀਡੀਅਮ

EKAM Tution Center
CBSE / ICSE / Punjab School Edu. Board

All Subject of Nursury to 8 th Classes

Center: House No. 1195, Ajit Nagar
Near Ghalan Walia Di Atta Chakki
Basti Gobindgarh Moga

Contact: 96460-21463



## ਸਾਹਿਬ ਸ਼੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਅਵਤਾਰ ਪੁਰਬ ਨੂੰ ਸਮਰਪਿਤ ਵਿਸ਼ੇਸ਼ ਸਪਲੀਮੈਂਟ!

ਇਸ ਵਿਸ਼ੇਸ਼ ਸਪਲੀਮੈਂਟ ਵਿੱਚ ਸਹਿਯੋਗ ਦੇਣ ਵਾਲੇ ਇਸ਼ਤਿਹਾਰ ਦਾਤਾਵਾਂ ਦਾ ਹਾਰਦਿਕ ਧੰਨਵਾਦ! ਸਾਹਿਬ ਸ਼੍ਰੀ ਗੁਰੂ ਨਾਨਕਦੇਵ ਜੀ ਮਹਾਰਾਜ ਸਭ ਦੇ ਸਿਰ ਤੇ ਮੇਹਰ ਭਰਿਆਂ ਹੱਥ ਰੱਖਣ।

ਵੱਲੋਂ: ਭਵਨਦੀਪ ਸਿੰਘ ਪੁਰਬਾ (ਮੁੱਖ ਸੰਪਾਦਕ: 'ਮਹਿਕ ਵਤਨ ਦੀ ਲਾਈਵ' ਬਿਓਰੋ) Help Line: 9988-92-9988


ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧ ਜਗ ਚਾਨਣ ਹੋਆ॥



ਦੇਸ਼ਾਂ ਵਿਦੇਸ਼ਾਂ ਵਿੱਚ ਵਸਦੀ ਸਮੂੰਹ ਸੰਗਤ ਨੂੰ ਸਾਹਿਬ ਸ਼੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਅਵਤਾਰ ਪੁਰਬ ਦੀਆਂ ਲੱਖ-ਲੱਖ ਮੁਬਾਰਕਾਂ ਹੋਵਣ ਜੀ!

*With Best Wishes From:*

ਸੁਖਵਿੰਦਰ ਕੌਰ, ਵੀਰਪਾਲ ਕੌਰ, ਰਾਜਵਿੰਦਰ ਕੌਰ

ਅਸੀਂ ਸਸਤੇ ਰੇਟਾਂ ਵਿੱਚ ਵਧੀਆਂ ਕੰਮ ਕਰਦੇ ਹਾਂ।
ਇਕਵਾਰ ਸਾਡੀ ਬੁਟੀਕ ਤੇ ਜਰੂਰ VISIT ਕਰੋ ਜੀ!

# ਗਿੱਲ ਫੈਸ਼ਨ ਬੂਟੀਕ

ਇੱਥੇ ਹਰ ਪ੍ਰਕਾਰ ਦੇ ਫੈਂਸੀ ਡਿਜ਼ਾਇਨਾਂ ਵਿੱਚ ਲੇਡੀਜ਼ ਸੂਟ, ਲਹਿੰਗੇ, ਗਾਊਨ ਅਤੇ ਫੈਂਸੀ ਡਰੈਸਾਂ ਦੀ ਸਿਲਾਈ ਕੀਤੀ ਜਾਂਦੀ ਹੈ

ਨੋਟ: ਇੱਥੇ ਲੜਕੀਆਂ ਨੂੰ ਸਿਲਾਈ ਦੀ ਟਰੇਨਿੰਗ ਵੀ ਦਿੱਤੀ ਜਾਂਦੀ ਹੈ

Sukhwinder Kaur
98146-56198
Veerpal Kaur
90411-92513
Rajwinder Kaur
83608-60564

ਗੁਰਦੁਆਰਾ ਸਾਹਿਬ ਦੇ ਬਿਲਕੁੱਲ ਸਾਹਮਣੇ, ਬਸਤੀ ਗੋਬਿੰਦਗੜ੍ਹ ਮੋਗਾ

ਦੇਗ ਤੇਗ ਫਤਹਿ ਪੰਥ ਕੀ ਜੀਤ



# ਚਾਰ ਸਾਹਿਬਜ਼ਾਦੇ, ਮਾਤਾ ਗੁਜਰੀ ਜੀ ਅਤੇ ਸਮੂੰਹ ਸ਼ਹੀਦਾਂ ਦੀ ਯਾਦ ਵਿੱਚ

# 16ਵੀਂ ਪੈਦਲ ਯਾਤਰਾ

## ਗੁਰਦੁਆਰਾ ਅਕਾਲ ਬੁੰਗਾ ਸਾਹਿਬ ਨੇੜੇ ਗੜ੍ਹਾ ਮੰਡੀ ਸੁਭਾਨਾ (ਜਲੰਧਰ) ਤੋਂ ਸ੍ਰੀ ਫਤਹਿਗੜ੍ਹ ਸਾਹਿਬ (ਸਰਹੰਦ) ਤੱਕ

ਸਤਿਕਾਰਯੋਗ ਗੁਰੂ ਰੂਪ ਸਾਧ ਸੰਗਤ ਜੀ

ਨਿਮਰਤਾ ਸਹਿਤ ਬੇਨਤੀ ਹੈ ਕਿ ਮਾਤਾ ਗੁਜਰ ਕੌਰ ਜੀ ਅਤੇ ਦਸ਼ਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਹਾੜੇ ਦੇ ਸਬੰਧ ਵਿੱਚ ਗੁਰਦੁਆਰਾ ਸਾਹਿਬ ਤੋਂ ਪੈਦਲ ਯਾਤਰਾ ਆਰੰਭ ਕੀਤੀ ਜਾ ਰਹੀ ਹੈ। ਆਪ ਜੀ ਨੂੰ ਬੇਨਤੀ ਹੈ ਕਿ ਪਰਿਵਾਰਾਂ ਸਮੇਤ ਇਸ ਯਾਤਰਾ ਵਿੱਚ ਸ਼ਾਮਿਲ ਹੋ ਕੇ ਇਲਾਹੀ ਬਾਣੀ ਦੇ ਜਾਪ ਕਰਦੇ ਹੋਏ ਆਪਣਾ ਜੀਵਨ ਸਫਲਾ ਕਰੀਏ।

## ਯਾਤਰਾ ਦਾ ਵੇਰਵਾ

ਮਿਤੀ 20 ਦਸੰਬਰ ਦਿਨ ਸ਼ੁਕਰਵਾਰ ਨੂੰ ਸਵੇਰੇ 4 ਵਜੇ ਗੁਰਦੁਆਰਾ ਅਕਾਲ ਬੁੰਗਾ ਸਾਹਿਬ ਨੇੜੇ ਗੜਾ ਮੰਡੀ ਸੁਭਾਨਾ ਜਲੰਧਰ ਤੋਂ ਚੱਲ ਕੇ ਧੀਣਾ, ਸਮਰਾਵਾਂ, ਜੰਡਿਆਲਾ, ਵਡਾਲਾ, ਰੁੜਕਾ, ਬੀੜ ਬੰਸੀਆਂ, ਢੱਡਾ ਢੀਂਡਸਾ, ਜੱਜਾ ਕਲਾਂ, ਮੁਠੰੜਾ ਖੁਰਦ ਅਤੇ ਗੁਰਦੁਆਰਾ ਪਾਤਸ਼ਾਹੀ ਛੇਵੀਂ (SGPC) ਫਿਲੌਰ ਅਤੇ ਰਾਤ ਦਾ ਵਿਸ਼ਰਾਮ।

ਮਿਤੀ 21 ਦਸੰਬਰ ਦਿਨ ਸ਼ਨੀਵਾਰ ਨੂੰ ਸਵੇਰੇ 4 ਵਜੇ ਗੁਰਦੁਆਰਾ ਸਾਹਿਬ ਰਾਮਗੜ੍ਹ ਫਿਲੌਰ ਤੋਂ ਚੱਲ ਕੇ ਲੁਧਿਆਣਾ, ਸਾਨੇਵਾਲ, ਗੁਰਦੁਆਰਾ ਮੰਜੀ ਸਾਹਿਬ ਪਾਤਸ਼ਾਹੀ ਛੇਵੀਂ ਨੇੜੇ ਪਾਇਲ ਜ਼ਿਲ੍ਹਾ ਲੁਧਿਆਣਾ ਵਿਖੇ ਰਾਤ ਦਾ ਵਿਸ਼ਰਾਮ।

ਮਿਤੀ 22 ਦਸੰਬਰ 2024 ਦਿਨ ਐਤਵਾਰ ਨੂੰ ਸਵੇਰੇ 4 ਵਜੇ ਪੈਦਲ ਯਾਤਰਾ ਗੁਰਦੁਆਰਾ ਮੰਜੀ ਸਾਹਿਬ ਪਾਤਸ਼ਾਹ ਛੇਵੀਂ ਤੋਂ ਚੱਲ ਕੇ ਪਿੰਡਾ ਵਿੱਚ ਦੀ ਹੁੰਦੀ ਹੋਈ ਗੁਰਦੁਆਰਾ ਫਤਿਹਗੜ੍ਹ ਸਾਹਿਬ (ਸਰਹੰਦ) ਵਿਖੇ।

**ਪੈਦਲ ਯਾਤਰਾ ਦਾ ਉਦੇਸ਼:** 1. ਨੌਜਵਾਨਾਂ ਨੂੰ ਨਸ਼ਿਆ ਤੋਂ ਰੋਕਣਾ। 2. ਭਰੂਣ ਹੱਤਿਆ ਨੂੰ ਰੋਕਣਾ। 3. ਦਹੇਜ ਪ੍ਰਥਾ ਨੂੰ ਠੱਲ ਪਾਉਣੀ। 4. ਨੌਜਵਾਨਾਂ ਨੂੰ ਧਰਮ ਵਿੱਚ ਰਹਿ ਕੇ ਉੱਚੇ ਸੁੱਚੇ ਜੀਵਨ ਦਾ ਉਦੇਸ਼।

ਬੇਨਤੀ ਕਰਤਾ: ਸਮੂੰਹ ਸਾਧ ਸੰਗਤ ਗੁਰਦੁਆਰਾ ਅਕਾਲ ਬੁੰਗਾ ਸਾਹਿਬ, ਬੇਅੰਤ ਮਹਾਂਪੁਰਸ਼ਾ ਸਮੇਤ



**ਮੁੱਖ ਸੇਵਾਦਰ: ਸੰਤ ਬਾਬਾ ਸੁਰਿੰਦਰ ਸਿੰਘ ਜੀ ਸੁਭਾਨੇ ਵਾਲੇ**

ਸੰਪਰਕ: 84381-13000, 78890-21521, 81464-00834
94655-75000, 98880-20586, 94176-10761, 97793-72155

Owner, Publisher, Printer & Editor : Bhawandeep Singh Purba, Printed at : Mehak Watan Di Moga, Published from : 1195, Ajit Nagar Moga (Pb) Titel Regd No. PUNPUN 04016